Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post

Vol 19*Issue 226 Friday, November 20, 2020 Tel: 905-793-2202 | Fax: 905-793-2282 | news@punjabipost.ca

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** THE ONLY DAILY PUNJABI NEWSPAPER *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਫਾਈਜ਼ਰ ਤੇ ਮੌਡਰਨਾ ਵੱਲੋਂ ਤਿਆਰ ਕੋਵਿਡ-19 ਵੈਕਸੀਨ ਸਾਨੂੰ ਜਨਵਰੀ ਤੱਕ ਮਿਲਣ ਦੀ ਸੰਭਾਵਨਾ : ਐਲੀਅਟ



ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਫਾਈਜ਼ਰ ਤੇ ਮੌਡਰਨਾ ਵੱਲੋਂ ਕੋਵਿਡ-19 ਸਬੰਧੀ ਤਿਆਰ ਕੀਤੀਆਂ ਜਾ ਰਹੀਆਂ ਆਪਣੀਆਂ ਵੈਕਸੀਨਜ਼ ਦੇ 95 ਫੀ ਸਦੀ ਤੱਕ ਸਫਲ ਰਹਿਣ ਦੇ ਕੀਤੇ ਜਾ ਰਹੇ ਦਾਅਵਿਆਂ ਤੋਂ ਬਾਅਦ ਓਨਟਾਰੀਓ ਦੀ ਸਿਹਤ ਮੰਤਰੀ ਨੇ ਆਖਿਆ ਕਿ ਆਉਣ ਵਾਲੇ ਮਹੀਨਿਆਂ ਵਿੱਚ ਕੈਨੇਡਾ ਨੂੰ ਕਈ ਮਿਲੀਅਨ ਡੋਜ਼ਿਜ਼ ਹਾਸਲ ਹੋਣ ਦੀ ਸੰਭਾਵਨਾ ਹੈ।

ਐਲੀਅਟ ਨੇ ਕੱਲ੍ਹ ਕੁਈਨਜ਼ ਪਾਰਕ ਉੱਤੇ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਕੈਨੇਡਾ ਨੂੰ ਫਾਈਜ਼ਰ ਦੀਆਂ ਚਾਰ ਮਿਲੀਅਨ ਡੋਜ਼ਿਜ਼ ਹਾਸਲ ਹੋਣਗੀਆਂ ਤੇ ਮੌਡਰਨਾ ਦੀਆਂ ਜਨਵਰੀ ਤੋਂ ਮਾਰਚ ਦਰਮਿਆਨ ਦੋ ਮਿਲੀਅਨ ਡੋਜ਼ਾਂ ਹਾਸਲ ਹੋਣਗੀਆਂ। ਐਲੀਅਟ ਨੇ ਅੱਗੇ ਆਖਿਆ ਕਿ ਓਨਟਾਰੀਓ ਨੂੰ ਇੱਕ ਅੰਦਾਜ਼ੇ ਮੁਤਾ-ਬਕ 1.6 ਮਿਲੀਅਨ ਡੋਜ਼ਾਂ ਫਾਈਜ਼ਰ ਦੀਆਂ ਤੇ 800,000 ਡੋਜ਼ਾਂ ਮੌਡਰਨਾਂ ਦੀਆਂ ਹਾਸਲ ਹੋਣਗੀਆਂ।

ਪ੍ਰਸ਼ਨ ਕਾਲ ਦੌਰਾਨ ਐਲੀਅਟ ਨੇ ਆਖਿਆ ਕਿ ਫਲੂ ਵੈਕਸੀਨ ਵਾਂਗ ਹੀ, ਹੈਲਥ ਅਧਿਕਾਰੀ ਆਪਣੇ ਲਾਂਗ ਟਰਮ ਕੇਅਰ ਹੋਮਜ਼, ਹੋਰ ਸੈਟਿੰਗਜ਼ ਤੇ ਹਸਪਤਾਲਾਂ ਆਦਿ ਵਿੱਚ ਮੌਜੂਦ ਸੀਨੀਅਰਜ਼ ਨੂੰ ਪਹਿਲ ਦੇ ਆਧਾਰ ਉੱਤੇ ਵੈਕਸੀਨ ਮੁਹੱਈਆ ਕਰਾਵੇਗਾ। ਉਨ੍ਹਾਂ ਆਖਿਆ ਕਿ ਸਾਨੂੰ ਫਾਈਜ਼ਰ ਤੇ ਮੌਡਰਨਾ ਦੋਵਾਂ ਤੋਂ ਹੀ ਵੈਕਸੀਨ ਦੀ ਖੇਪ ਹਾਸਲ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਆਖਿਆ ਕਿ ਫਾਈਜ਼ਰ ਵੈਕਸੀਨ ਨੂੰ ਮਨਫੀ 75 ਡਿਗਰੀ ਸੈਲਸੀਅਸ ਉੱਤੇ ਰੱਖਣਾ ਹੋਵੇਗਾ ਤੇ ਮੌਡਰਨਾ ਨੂੰ ਮਨਫੀ 20 ਡਿਗਰੀ ਸੈਲਸੀਅਸ ਉੱਤੇ ਸਟੋਰ ਕਰਕੇ ਰੱਖਣਾ ਹੋਵੇਗਾ।

## ਅੰਦਰ ਪੜ੍ਹੋ


ਪੀਲ ਪੁਲਿਸ ਨੇ ਇੱਕੋ ਗਿਰੋਹ ਦੇ 88 ਮੈਂਬਰਾਂ ਨੂੰ ਕੀਤਾ ਗ੍ਰਿਫਤਾਰ, ਲਾਏ ਗਏ 800 ਚਾਰਜਿਜ਼ — ਪੰਨਾ 04

ਬਾਇਡਨ, ਹੈਰਿਸ ਨੂੰ ਕੈਨੇਡਾ ਸੱਦਣ ਲਈ ਐਮਪੀਜ਼ ਸਹਿਮਤ — ਪੰਨਾ 14





## ਸਰਹੱਦੀ ਪਾਬੰਦੀਆਂ ਦਸੰਬਰ ਦੇ ਅੰਤ ਤੱਕ ਜਾਰੀ ਰਹਿਣ ਦੀ ਸੰਭਾਵਨਾ



ਓਟਵਾ, 19 ਨਵੰਬਰ (ਪੋਸਟ ਬਿਊਰੋ) : ਕੈਨੇਡਾ ਤੇ ਅਮਰੀਕਾ ਦਰਮਿਆਨ ਸਰਹੱਦੀ ਪਾਬੰਦੀਆਂ ਦਸੰਬਰ ਦੇ ਅੰਤ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਫੈਡਰਲ ਸਰੋਤ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਖਤਮ ਹੋਣ ਜਾ ਰਹੀਆਂ ਇਨ੍ਹਾਂ ਪਾਬੰਦੀਆਂ ਦੀ ਮਿਆਦ ਨੂੰ 30 ਦਿਨਾਂ ਲਈ ਹੋਰ ਵਧਾਇਆ ਜਾ ਸਕਦਾ ਹੈ। ਕਰੋਨਾਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਵੈਕੇਸ਼ਨਜ਼, ਡੇਅ ਟਰਿੱਪਜ਼ ਤੇ ਸਰਹੱਦੋਂ ਪਾਰ ਸ਼ਾਪਿੰਗ ਉੱਤੇ ਇਸ ਸਾਲ ਮਾਰਚ ਤੋਂ ਹੀ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ ਜੋ ਕਿ ਹੌਲੀ ਹੌਲੀ ਹੁਣ ਤੱਕ ਜਾਰੀ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਪਸ਼ਟ ਕੀਤਾ ਕਿ ਜਦੋਂ ਤੱਕ ਅਮਰੀਕਾ ਵਿੱਚ ਕੋਵਿਡ-19 ਮਹਾਂਮਾਰੀ ਦੀ ਰਫਤਾਰ ਮੱਠੀ ਨਹੀਂ ਪੈਂਦੀ ਉਦੋਂ ਤੱਕ ਇਨ੍ਹਾਂ ਪਾਬੰਦੀਆਂ ਵਿੱਚ ਕਿਸੇ ਕਿਸਮ ਦੀ ਢਿੱਲ ਨਹੀਂ ਦਿੱਤੀ ਜਾਵੇਗੀ।

...ਬਾਕੀ ਪੰਨਾ 6 'ਤੇ

## ਫੋਰਡ ਸਰਕਾਰ ਨੇ ਕੋਵਿਡ-19 ਦੇ ਸਬੰਧ ਵਿੱਚ ਸ਼ੁਰੂ ਕੀਤੀ ਜਾਗਰੂਕਤਾ ਮੁਹਿੰਮ



ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਕੰਮ ਵਾਲੀ ਥਾਂ ਉੱਤੇ ਕੋਵਿਡ-19 ਦੇ ਪਸਾਰ ਨੂੰ ਫੈਲਣ ਤੋਂ ਰੋਕਣ ਲਈ ਕੁੱਝ ਕਾਰੋਬਾਰਾਂ ਨੂੰ ਸਿੱਖਿਅਤ ਤੇ ਜਾਗਰੂਕ ਕਰਨ ਲਈ ਫੋਰਡ ਸਰਕਾਰ ਵੱਲੋਂ ਪ੍ਰੋਵਿੰਸ ਭਰ ਵਿੱਚ ਵਿਸ਼ੇਸ਼ ਐਨਫੋਰਸਮੈਂਟ ਕੈਂਪੇਨ ਚਲਾਈਆਂ ਜਾਣਗੀਆਂ। ਵੀਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਓਨਟਾਰੀਓ ਦੇ ਬਹੁਤੇ ਬਿਜ਼ਨਸਿਜ਼ ਵੱਲੋਂ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

...ਬਾਕੀ ਪੰਨਾ 6 'ਤੇ

## ਮੈਨੀਟੂਲਿਨ ਆਈਲੈਂਡ ਉਤੇ ਵਾਪਰੀ ਘਟਨਾ ਵਿੱਚ ਗੋਲੀ ਲੱਗਣ ਕਾਰਨ ਪੁਲਿਸ ਅਧਿਕਾਰੀ ਦੀ ਹੋਈ ਮੌਤ

### ਜਵਾਬੀ ਕਾਰਵਾਈ ਵਿੱਚ ਮਸ਼ਕੂਕ ਵੀ ਮਾਰਿਆ ਗਿਆ

ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਮੈਨੀਟੂਲਿਨ ਆਈਲੈਂਡ ਉੱਤੇ ਵਾਪਰੀ ਘਟਨਾ ਵਿਚ ਓਪੀਪੀ ਦੇ ਸੀਨੀਅਰ ਅਧਿਕਾਰੀ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਜਦਕਿ ਮਸ਼ਕੂਕ ਨੇ ਵੀ ਹਸਪਤਾਲ ਪਹੁੰਚਣ ਉਪਰੰਤ ਦਮ ਤੋੜ ਦਿੱਤਾ।

ਪੁਲਿਸ ਯੂਨੀਅਨ ਨੇ ਦੱਸਿਆ ਕਿ ਗੋਰ ਬੇਅ ਦੇ ਨੇੜੇ ਈਸਟ ਬਲੱਫ ਦੇ ਪੂਰਬ ਵੱਲ ਟੈਂਬ ਲਾਈਨ ਨੇੜੇ ਇੱਕ ਟਰੇਲਰ ਦੀ ਜਾਂਚ ਕਰਨ ਗਏ ਇੱਕ ਪੁਲਿਸ ਅਧਿਕਾਰੀ ਨੂੰ ਮਸ਼ਕੂਕ ਨੇ ਗੋਲੀ ਮਾਰ ਦਿੱਤੀ। ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸ ਆਈ ਯੂ) ਨੇ ਆਖਿਆ ਕਿ ਰਾਤੀਂ 12:30 ਵਜੇ ਪੁਲਿਸ ਅਧਿਕਾਰੀਆਂ ਨੂੰ ਇਹ ਰਿਪੋਰਟ ਕੀਤੀ ਗਈ ਕਿ ਗੋਰ ਬੇਅ ਸਥਿਤ ਸੰਪਤੀ ਉੱਤੇ ਕੋਈ ਅਣਪਛਾਤਾ ਵਿਅਕਤੀ ਘੁੰਮ ਰਿਹਾ ਹੈ। ਇਹ ਰਿਪੋਰਟ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀ ਮੌਕੇ ਦਾ ਜਾਇਜ਼ਾ ਲੈਣ ਲਈ ਉੱਥੇ ਪਹੁੰਚੇ।



ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਦੀ ਉਸ ਅਣਪਛਾਤੇ ਵਿਅਕਤੀ ਨਾਲ ਬਹਿਸ ਹੋਈ। ਇਸ ਬਹਿਸ ਤੋਂ ਬਾਅਦ ਮਸ਼ਕੂਕ ਨੇ ਇੱਕ ਓਪੀਪੀ ਅਧਿਕਾਰੀ ਨੂੰ ਗੋਲੀ ਮਾਰ ਦਿੱਤੀ। ਐਸ ਆਈ ਯੂ ਦੀ ਤਰਜ਼ਮਾਨ ਮੋਨਿਕਾ ਹੁਡੋਂਨ ਨੇ ਦੱਸਿਆ ਕਿ ਇਸ ਦੌਰਾਨ ਜਵਾਬੀ ਕਾਰਵਾਈ ਵਿੱਚ ਮਸ਼ਕੂਕ ਨੂੰ ਵੀ ਗੋਲੀ ਲੱਗੀ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

...ਬਾਕੀ ਪੰਨਾ 6 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
(Government Approved Licensed Technician)
416 938 4598

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com


N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

START DELIVERING SMILES
Make someone's every day near you. Immediate hourly roles available at amazon.ca/apply
amazon




NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


BLACK FRIDAY
SALE ON NOW!
GET 50% OFF LG K20
*WHEN YOU ACTIVATE A $40/MO
DATA, TALK, & TEXT PLAN OR HIGHER
12:30
20-09-2019
chatr™
AUTHORIZED DEALER
379 Main St. North | Brampton ON
2456 Lake shore Blvd W. | Toronto ON
905-451-0379
*Offer available from November 27th - November 30th, 2020 and redeemable only at the above participating location(s) and subject to change without notice. Only applicable to new activations on a $40/mo or higher Data, Talk & Text plan or higher. Taxes are extra and while quantities last.™ Trademarks used under license © 2020

# ਕੈਨੇਡਾ ਬ੍ਰਿਟੇਨ ਟਰੇਡ ਗੱਲਬਾਤ ਫਾਈਨਲ ਪੜਾਅ ਵਿੱਚ



ਓਟਵਾ, 19 ਨਵੰਬਰ (ਪੋਸਟ ਬਿਊਰੋ) : ਕੈਨੇਡਾ ਤੇ ਬ੍ਰਿਟੇਨ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਨਵੀਂ ਟਰੇਡ ਡੀਲ ਸਬੰਧੀ ਗੱਲਬਾਤ ਫਾਈਨਲ ਪੜਾਅ ਵਿੱਚ ਪਹੁੰਚ ਚੁੱਕੀ ਹੈ। ਦੋਵਾਂ ਧਿਰਾਂ ਨੇ ਆਖਿਆ ਕਿ ਇਸ ਟਰੇਡ ਡੀਲ ਨੂੰ 31 ਦਸੰਬਰ ਤੋਂ ਪਹਿਲਾਂ ਸਿਰੇ ਚੜ੍ਹਾਉਣ ਦੀ ਡੈੱਡਲਾਈਨ ਸੀ।

ਇੱਥੇ ਇਹ ਸਪਸ਼ਟ ਕੀਤਾ ਜਾਣਾ ਬਣਦਾ ਹੈ ਕਿ ਕੈਨੇਡਾ ਲਈ ਇਹ ਡੀਲ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਜੇ ਇਹ ਡੀਲ ਸਿਰੇ ਨਾ ਚੜ੍ਹੀ ਤਾਂ ਯੂਰਪੀਅਨ ਯੂਨੀਅਨ ਨਾਲੋਂ ਬ੍ਰਿਟੇਨ ਦੇ ਮੁਕੰਮਲ ਤੌਰ ਉੱਤੇ ਵੱਖ ਹੋਣ ਮੌਕੇ ਕੈਨੇਡਾ ਉੱਤੇ ਨਵੇਂ ਟੈਰਿਫਜ਼ ਲਾਏ ਜਾਣ ਦਾ ਖਤਰਾ ਬਣਿਆ ਰਹੇਗਾ। ਟਰੇਡ ਮੰਤਰੀ ਮੈਰੀ ਐਨਜੀ ਦੀ ਤਰਜ਼ਮਾਨ ਨੇ ਆਖਿਆ ਕਿ ਯੂਰਪੀਅਨ ਯੂਨੀਅਨ ਨਾਲ ਪਹਿਲਾਂ ਤੋਂ ਹੋਏ ਸਮਝੌਤੇ, ਜੋ ਕਿ ਹੁਣ ਵੀ ਚੱਲ ਰਿਹਾ ਹੈ, ਤੋਂ ਕੈਨੇਡਾ ਨੂੰ ਵੱਖ ਕਰਕੇ ਨਵਾਂ ਸਮਝੌਤਾ ਕਰਨਾ ਕਾਫੀ ਮੁਸ਼ਕਲ ਕੰਮ ਹੈ।

ਯੂਮੀ ਹੈਨ ਨੇ ਆਖਿਆ ਕਿ ਅਸੀਂ ਇਹ ਗੱਲ ਸਮਝਦੇ ਹਾਂ ਕਿ ਸਮਾਂ ਘੱਟ ਰਹਿ ਗਿਆ ਹੈ। ਇਸੇ ਲਈ ਅਸੀਂ ਤੇਜ਼ੀ ਨਾਲ ਗੱਲਬਾਤ ਸਿਰੇ ਚੜ੍ਹਾਉਣ ਲਈ ਜ਼ੋਰ ਲਾਇਆ ਹੋਇਆ ਹੈ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਮਝੌਤਾ ਬਿਹਤਰ ਢੰਗ ਨਾਲ ਸਿਰੇ ਚੜ੍ਹ ਸਕੇ, ਸਾਡੇ ਸਬੰਧਾਂ ਦੀ ਲਗਾਤਾਰਤਾ ਪਹਿਲਾਂ ਵਾਂਗ ਬਣੀ ਰਹੇ, ਕੈਨੇਡੀਅਨ ਕਾਰੋਬਾਰ, ਐਕਸਪੋਰਟਰਜ਼ਲ ਤੇ ਵਰਕਰਜ਼ ਲਈ ਵੀ ਸਥਿਰਤਾ ਵਾਲਾ ਮਾਹੌਲ ਹੀ ਰਹੇ। ਉਨ੍ਹਾਂ ਆਖਿਆ ਕਿ ਡੀਲ ਸਾਡੀ ਪਕੜ ਵਿੱਚ ਲੱਗਦੀ ਹੈ ਤੇ ਅਸੀਂ ਇਸ ਨੂੰ ਸਿਰੇ ਲਾਉਣ ਲਈ ਆਪਣੀ ਪੂਰੀ ਵਾਹ ਲਾ ਰਹੇ ਹਾਂ।

# ਡਿਸਟਿਲਰੀ ਡਿਸਟ੍ਰਿਕਟਸ ਨੇ ਆਊਟਡੋਰ ਲਈ ਮਾਸਕ ਕੀਤੇ ਲਾਜ਼ਮੀ



ਟੋਰਾਂਟੋ, 19 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਡਿਸਟਿਲਰੀ ਡਿਸਟ੍ਰਿਕਟ ਵੱਲੋਂ ਆਪਣੀਆਂ ਅਪਡੇਟ ਕੀਤੀਆਂ ਗਈਆਂ ਕੋਵਿਡ-19 ਪ੍ਰੋਟੋਕਾਲਜ਼ ਦਾ ਵੀਰਵਾਰ ਨੂੰ ਐਲਾਨ ਕੀਤਾ ਗਿਆ।

ਇਸ ਦੌਰਾਨ ਆਖਿਆ ਗਿਆ ਕਿ ਹੁਣ ਹਰ ਕਿਸੇ ਲਈ ਮਾਸਕ ਪਾਉਣਾ ਲਾਜ਼ਮੀ ਹੋਵੇਗਾ, ਫਿਰ ਭਾਵੇਂ ਲੋਕ ਆਊਟਡੋਰ ਹੀ ਰਹਿਣ। ਇੱਕ ਪ੍ਰੈੱਸ ਰਲੀਜ਼ ਵਿੱਚ ਡਿਸਟਿਲਰੀ ਡਿਸਟ੍ਰਿਕਟ ਨੇ ਆਖਿਆ ਕਿ ਆਊਟਡੋਰ ਡਿਸਟ੍ਰਿਕਟ ਵਿੱਚ ਆਉਣ ਵਾਲੇ ਵਿਜ਼ਿਟਰਜ਼ ਨੂੰ ਵੀ ਮਾਸਕ ਪਾਉਣਾ ਹੋਵੇਗਾ ਜਦੋਂ ਤੱਕ ਉਹ ਕਿਸੇ ਟੇਬਲ ਉੱਤੇ ਬੈਠ ਕੇ ਕੁੱਝ ਖਾ ਪੀ ਨਹੀਂ ਰਹੇ ਹੋਣਗੇ। ਬੁਲਾਰੇ ਨੇ ਦੱਸਿਆ ਕਿ ਅਹਿਤਿਆਤਨ ਤੇ ਸੇਫ ਮਾਹੌਲ ਬਣਾਉਣ ਲਈ ਦ ਡਿਸਟਿਲਰੀ ਹਿਸਟੌਰਿਕ ਡਿਸਟ੍ਰਿਕਟ ਵੱਲੋਂ ਆਪਣੇ ਸਾਰੇ ਮਹਿਮਾਨਾਂ, ਸ਼ਾਪਰਜ਼ ਤੇ ਵੈਂਡਰਜ਼ ਨੂੰ ਇਸ ਏਰੀਆ ਵਿੱਚ ਹਰ ਸਮੇਂ ਮਾਸਕ ਪਾ ਕੇ ਰੱਖਣ ਦੀ ਹਦਾਇਤ ਕੀਤੀ ਗਈ ਹੈ। ਇਸ ਸਬੰਧ ਵਿੱਚ ਸਾਰੀ ਪ੍ਰਾਪਰਟੀ ਉੱਤੇ ਫਿਜ਼ੀਕਲ ਤੇ ਡਿਜੀਟਲ ਸਾਈਨ ਵੀ ਲਾਏ ਗਏ ਹਨ।

ਸਤੰਬਰ ਦੇ ਅੰਤ ਵਿੱਚ ਡਿਸਟਿਲਰੀ ਡਿਸਟ੍ਰਿਕਟ ਦੀ ਸਾਲਾਨਾ ਕ੍ਰਿਸਮਸ ਮਾਰਕਿਟ ਵੀ ਰੱਦ ਕਰ ਦਿੱਤੀ ਗਈ ਸੀ। ਉਸ ਸਮੇਂ ਮੇਅਰ ਜੌਹਨ ਟੋਰੀ ਨੇ ਆਖਿਆ ਸੀ ਕਿ ਇਸ ਨਾਲ ਕਈ ਹੋਰ ਈਵੈਂਟਸ ਜੁੜੇ ਹੋਣ ਕਾਰਨ ਅਜਿਹਾ ਫੈਸਲਾ ਲੈਣਾ ਪੈ ਰਿਹਾ ਹੈ ਤਾਂ ਕਿ ਮਹਾਂਮਾਰੀ ਦੇ ਪਸਾਰ ਤੋਂ ਬਚਿਆ ਜਾ ਸਕੇ।

# ਕ੍ਰਿਸਟੀ ਪਿੱਟਸ ਨੇੜੇ ਛੁਰੇਬਾਜ਼ੀ ਵਿੱਚ ਇੱਕ ਮਹਿਲਾ ਦੀ ਹੋਈ ਮੌਤ, ਪੁਰਸ਼ ਗ੍ਰਿਫਤਾਰ



ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਕ੍ਰਿਸਟੀ ਪਿੱਟਸ ਨੇੜੇ ਇੱਕ ਬਾਰ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਬਲੂਰ ਤੇ ਸ਼ਾਅ ਸਟਰੀਟਸ ਨੇੜੇ ਇੱਕ ਮਹਿਲਾ ਤੇ ਪੁਰਸ਼ ਦਰਮਿਆਨ ਹੋਈ ਤੂੰ ਤੂੰ ਮੈਂ ਮੈਂ ਤੋਂ ਬਾਅਦ ਵਾਪਰੀ ਇਸ ਖਤਰਨਾਕ ਘਟਨਾ ਤੋਂ ਬਾਅਦ ਪੁਲਿਸ ਨੂੰ ਸ਼ਾਮੀਂ 5:00 ਵਜੇ ਮੌਕੇ ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਨੇ ਮਹਿਲਾ ਨੂੰ ਬਿਨਾਂ ਸਾਹ ਸਤ ਦੇ ਪਾਇਆ। ਸੱਭ ਤੋਂ ਪਹਿਲਾਂ ਘਟਨਾ ਵਾਲੀ ਥਾਂ ਉੱਤੇ ਪਹੁੰਚੇ ਲੋਕਾਂ ਨੇ ਮਹਿਲਾ ਨੂੰ ਸੀਪੀਆਰ ਵੀ ਦਿੱਤੀ। ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਇੱਕ ਵਿਅਕਤੀ ਨੂੰ ਮਾਮੂਲੀ ਸੱਟਾਂ ਦੇ ਬਾਵਜੂਦ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਸ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ। ਇਸ ਮਾਮਲੇ ਦੀ ਜਾਂਚ ਦਾ ਕੰਮ ਹੋਮੀਸਾਈਡ ਜਾਂਚਕਾਰਾਂ ਵੱਲੋਂ ਆਪਣੇ ਹੱਥ ਲਿਆ ਜਾਵੇਗਾ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕੀ ਇਹ ਦੋਵੇਂ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਸਨ ਜਾਂ ਨਹੀਂ ਤੇ ਇਹ ਵੀ ਪਤਾ ਨਹੀਂ ਲੱਗਿਆ ਕਿ ਉਨ੍ਹਾਂ ਦੀ ਲੜਾਈ ਕਿਸ ਗੱਲ ਨੂੰ ਲੈ ਕੇ ਹੋਈ ਸੀ।

# ਹਾਈ ਕੋਰਟ ਦਾ ਫੈਸਲਾ : ਪਤਨੀ ਬੇਵਫਾ ਹੈ ਜਾਂ ਨਹੀਂ, ਡੀ ਐੱਨ ਏ ਟੈਸਟ ਤੋਂ ਪਤਾ ਲੱਗੇਗਾ

ਲਖਨਊ, 19 ਨਵੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਹਮੀਰਪੁਰ ਵਿੱਚ ਇੱਕ ਹੈਰਾਨੀ ਵਾਲਾ ਕੇਸ ਆਇਆ ਹੈ, ਜਿੱਥੇ ਤਲਾਕ ਦੇ ਤਿੰਨ ਸਾਲ ਬੀਤਣ ਦੇ ਬਾਅਦ ਇੱਕ ਔਰਤ ਨੇ ਪੇਕੇ ਘਰ ਬੱਚੇ ਨੂੰ ਜਨਮ ਦਿੱਤਾ ਹੈ। ਮਹਿਲਾ ਨੇ ਦਾਅਵਾ ਕੀਤਾ ਕਿ ਬੱਚਾ ਉਸ ਦੇ ਪਤੀ ਦਾ ਹੈ, ਜਦ ਕਿ ਪਤੀ ਨੇ ਇਸ ਗੱਲ ਤੋਂ ਸਾਫ ਇਨਕਾਰ ਕਰਦੇ ਹੋਏ ਕਿਹਾ ਕਿ ਬੱਚਾ ਉਸ ਦਾ ਕਿਵੇਂ ਹੋ ਸਕਦਾ ਹੈ, ਜਦ ਕਿ ਤਿੰਨ ਸਾਲ ਤੋਂ ਉਸ ਦੇ ਪਤਨੀ ਨਾਲ ਸੰਬੰਧ ਹੀ ਨਹੀਂ ਹਨ।

ਹਮੀਰਪੁਰ ਦੇ ਵਸਨੀਕ ਇਸ ਜੋੜੇ ਦਾ ਫੈਮਲੀ ਕੋਰਟ ਵਿੱਚ ਤਿੰਨ ਸਾਲ ਪਹਿਲਾਂ ਤਲਾਕ ਹੋ ਚੁੱਕਾ ਹੈ। ਇਸ ਕੇਸ ਵਿੱਚ ਪਤੀ ਰਾਮ ਆਸਰਾ ਨੇ ਫੈਮਿਲੀ ਕੋਰਟ ਵਿੱਚ ਡੀ ਐਨ ਏ ਟੈਸਟ ਦੀ ਮੰਗ ਕਰਦੇ ਹੋਏ ਅਰਜ਼ੀ ਦਿੱਤੀ ਸੀ, ਪਰ ਫੈਮਿਲੀ ਕੋਰਟ ਨੇ ਉਸ ਦੀ ਅਰਜ਼ੀ ਰੱਦ ਕਰ ਦਿੱਤੀ ਸੀ।ਇਸ ਪਿੱਛੋਂ ਕੇਸ ਇਲਾਹਾਬਾਦ ਹਾਈ ਕੋਰਟ ਜਾ ਪੁੱਜਾ, ਜਿੱਥੇ ਹਾਈ ਕੋਰਟ ਦੇ ਜਸਟਿਸ ਵਿਵੇਕ ਅਗਰਵਾਲ ਦੀ ਸਿੰਗਲ ਬੈਂਚ ਨੇ ਸੁਣਵਾਈ ਕੀਤੀ ਅਤੇ ਫੈਸਲਾ ਸੁਣਾਉਂਦੇ ਹੋਏ ਹੁਕਮ ਦਿੱਤਾ ਕਿ ਡੀ ਐਨ ਏ ਟੈਸਟ ਤੋਂ ਸਾਬਤ ਹੋ ਸਕਦਾ ਹੈ ਕਿ ਪਤਨੀ ਬੇਵਫਾ ਹੈ ਜਾਂ ਨਹੀਂ। ਹਾਈ ਕੋਰਟ ਨੇ ਕਿਹਾ ਕਿ ਰਾਮ ਆਸਰਾ ਬੱਚੇ ਦਾ ਪਿਤਾ ਹੈ ਜਾਂ ਨਹੀਂ, ਇਹ ਸਾਬਤ ਕਰਨ ਦੇ ਲਈ ਡੀ ਐਨ ਏ ਟੈਸਟ ਸਭ ਤੋਂ ਬਿਹਤਰ ਤਰੀਕਾ ਹੈ।

# ਯੌਰਕ ਰੀਜਨ ਵਿੱਚ ਇੱਕ ਵਿਆਹ ਸਮਾਰੋਹ ਵਿੱਚ ਕੋਵਿਡ-19 ਆਊਟਬ੍ਰੇਕ ਦੀ ਹੋਈ ਪੁਸ਼ਟੀ



ਕਿੰਗ ਟਾਊਨਸ਼ਿਪ, ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਕਿੰਗ ਟਾਊਨਸ਼ਿਪ ਵਿੱਚ ਇੱਕ ਵਿਆਹ ਸਮਾਰੋਹ ਵਿੱਚ ਕੋਵਿਡ-19 ਦੇ ਨੌਂ ਮਾਮਲਿਆਂ ਦੀ ਪੁਸ਼ਟੀ ਹੋਣ ਤੇ ਸੱਤ ਹੋਰ ਸੰਭਾਵੀ ਪਾਜ਼ੀਟਿਵ ਕੇਸਾਂ ਦੀ ਰਿਪੋਰਟ ਮਿਲਣ ਤੋਂ ਬਾਅਦ ਯੌਰਕ ਰੀਜਨ ਵੱਲੋਂ ਇਸ ਨੂੰ ਆਊਟਬ੍ਰੇਕ ਐਲਾਨ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਵੀ ਰੀਜਨ ਵਿੱਚ ਦੋ ਵੱਖ ਵੱਖ ਸਮਾਰੋਹਾਂ ਵਿੱਚ ਕੋਵਿਡ-19 ਦੇ 17 ਮਾਮਲੇ ਸਾਹਮਣੇ ਆਉਣ ਤੋਂ ਬਾਅਦ ਆਊਟਬ੍ਰੇਕਸ ਐਲਾਨੀਆਂ ਗਈਆਂ ਸਨ। ਯੌਰਕ ਰੀਜਨ ਦੀ ਪਬਲਿਕ ਹੈਲਥ ਯੂਨਿਟ ਨੇ ਆਖਿਆ ਕਿ ਕਿੰਗ ਟਾਊਨਸ਼ਿਪ ਦੇ ਇਸ ਵਿਆਹ ਸਮਾਰੋਹ ਵਿੱਚ ਕੁੱਝ ਲੋਕਾਂ ਨੇ ਕੋਵਿਡ-19 ਪਾਜ਼ੀਟਿਵ ਹੋਣ ਦੇ ਬਾਵਜੂਦ ਹਿੱਸਾ ਲਿਆ। ਹੈਲਥ ਯੂਨਿਟ ਨੇ ਦੱਸਿਆ ਕਿ ਇਹ ਵਿਆਹ ਸਮਾਰੋਹ ਨਾਲ ਸਬੰਧਤ ਈਵੈਂਟਸ 6 ਤੇ 7 ਨਵੰਬਰ ਨੂੰ ਪ੍ਰਾਈਵੇਟ ਰੈਜ਼ੀਡੈਂਸ ਉੱਤੇ ਹੋਏ।

ਇਹ ਵੀ ਆਖਿਆ ਗਿਆ ਕਿ ਇਸ ਵਿਆਹ ਸਮਾਰੋਹ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਵਾਇਰਸ ਹੋਣ ਦਾ ਖਤਰਾ ਜ਼ਿਆਦਾ ਹੈ। ਵਿਭਾਗ ਨੇ ਦੱਸਿਆ ਕਿ ਵਿਆਹ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਦੀ ਪਛਾਣ ਯੌਰਕ, ਪੀਲ ਤੇ ਟੋਰਾਂਟੋ ਵਾਸੀਆਂ ਵਜੋਂ ਹੋਈ ਹੈ।

# ਮਾਂਟਰੀਅਲ ਦੀ ਮਹਿਲਾ ਦਾ ਕਿਊਬਾ ਵਿੱਚ ਹੋਇਆ ਕਤਲ



ਮਾਂਟਰੀਅਲ, 19 ਨਵੰਬਰ (ਪੋਸਟ ਬਿਊਰੋ) : ਪਿਛਲੇ ਸ਼ੁੱਕਰਵਾਰ ਕਿਊਬਾ ਵਿੱਚ ਛੁੱਟੀਆਂ ਮਨਾਉਣ ਗਈ ਮਾਂਟਰੀਅਲ ਦੀ ਮਹਿਲਾ ਅਗਲੇ ਹੀ ਦਿਨ ਲਾਪਤਾ ਹੋ ਗਈ। ਪਰ ਬਾਅਦ ਵਿੱਚ ਵੈਰਾਡੈਰੋ ਦੇ ਰਿਜ਼ਾਰਟ ਟਾਊਨ ਦੇ ਬੀਚ ਉੱਤੇ ਉਸ ਦੀ ਲਾਸ਼ ਮਿਲੀ। ਇਹ ਵੀ ਪਤਾ ਲੱਗਿਆ ਹੈ ਕਿ ਉਸ ਦਾ ਕਤਲ ਕੀਤਾ ਗਿਆ ਹੈ।

52 ਸਾਲਾ ਐਂਟੋਇਨੈਂਟ ਟਰੈਬੁਲਸੀ ਬੀਚ ਦੀ ਰੇਤਾ ਵਿੱਚ ਇੱਕ ਮੀਟਰ ਦੱਬੀ ਪਾਈ ਗਈ ਤੇ ਉਸ ਦੇ ਸ਼ਰੀਰ ਉੱਤੇ ਹਿੰਸਾ ਦੇ ਨਿਸ਼ਾਨ ਵੀ ਸਾਫ ਨਜ਼ਰ ਆ ਰਹੇ ਸਨ। ਕਿਊਬਾ ਦੇ ਅਧਿਕਾਰੀਆਂ ਨੂੰ ਚਾਰ ਬੱਚਿਆਂ ਦੀ ਮਾਂ ਦੀ ਲਾਸ਼ ਮੰਗਲਵਾਰ ਦੁਪਹਿਰੇ ਮਿਲੀ। ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਬੁੱਧਵਾਰ ਨੂੰ ਇਸ ਖਬਰ ਦੀ ਪੁਸ਼ਟੀ ਕੀਤੀ ਗਈ। ਵਿਭਾਗ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਰਿਵਾਰ ਨੂੰ ਕਾਊਂਸਲਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਤੇ ਇਸ ਸਬੰਧ ਵਿੱਚ ਹੋਰ ਜਾਣਕਾਰੀ ਹਾਸਲ ਕਰਨ ਲਈ ਲੋਕਲ ਅਧਿਕਾਰੀਆਂ ਨਾਲ ਵੀ ਪੂਰਾ ਰਾਬਤਾ ਰੱਖਿਆ ਜਾ ਰਿਹਾ ਹੈ।

ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਟਰੈਬੁਲਸੀ, ਜੋ ਕਿ ਸੈਕਰੇਕੋਇਰ ਹਸਪਤਾਲ ਦੇ ਮੇਨਟੇਨੈਂਸ ਵਿਭਾਗ ਵਿੱਚ ਕੰਮ ਕਰਦੀ ਸੀ, ਬੀਤੇ ਸ਼ੁੱਕਰਵਾਰ ਕਿਊਬਾ ਗਈ ਸੀ। ਮਹਾਂਮਾਰੀ ਕਾਰਨ ਵਾਧੂ ਕੰਮ ਕਰਨ ਤੋਂ ਬਾਅਦ ਉਹ ਦੋ ਹਫਤਿਆਂ ਲਈ ਛੁੱਟੀਆਂ ਕੱਟਣ ਵਾਸਤੇ ਉੱਥੇ ਗਈ ਸੀ। ਸ਼ਨਿੱਚਰਵਾਰ ਸਵੇਰੇ ਬੀਚ ਉੱਤੇ ਖਿੱਚੀਆਂ ਆਪਣੀਆਂ ਤਸਵੀਰਾਂ ਵੀ ਉਸ ਵੱਲੋਂ ਪੋਸਟ ਕੀਤੀਆਂ ਗਈਆਂ। ਪਰ ਸ਼ਨਿੱਚਰਵਾਰ ਦੁਪਹਿਰ ਨੂੰ ਹੀ ਕਿਊਬਾ ਵਿਚਲੀ ਉਸ ਦੀ ਦੋਸਤ ਨੇ ਉਸ ਦੇ ਲਾਪਤਾ ਹੋਣ ਦੀ ਖਬਰ ਦਿੱਤੀ।

ਮਾਂਟਰੀਅਲ ਸਥਿਤ ਉਸ ਦੇ ਕਜ਼ਨ ਸੈਮੀ ਸੌਸਾ ਨੇ ਆਖਿਆ ਕਿ ਉਹ ਕਿਊਬਨ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਅਜਿਹਾ ਹੋ ਨਹੀਂ ਪਾ ਰਿਹਾ। ਹੁਣ ਪਰਿਵਾਰ ਟਰੈਬੁਲਸੀ ਦੀ ਦੇਹ ਨੂੰ ਮਾਂਟਰੀਅਲ ਲਿਆਉਣ ਲਈ ਯਤਨ ਕਰ ਰਿਹਾ ਹੈ।

# ਹੈਮਿਲਟਨ ਸਕੂਲ ਬੋਰਡ ਨੇ ਹਾਈ ਸਕੂਲ ਦੇ ਇਮਤਿਹਾਨ ਕੀਤੇ ਰੱਦ



ਹੈਮਿਲਟਨ, 19 ਨਵੰਬਰ (ਪੋਸਟ ਬਿਊਰੋ) : ਹੈਮਿਲਟਨ-ਵੈਂਟਵਰਥ ਡਿਸਟ੍ਰਿਕਟ ਸਕੂਲ ਬੋਰਡ (ਐਚ ਡਬਲਿਊ ਡੀ ਐਸ ਬੀ) ਵੱਲੋਂ ਹਾਈ ਸਕੂਲ ਦੇ ਇਮਤਿਹਾਨ ਰੱਦ ਕਰ ਦਿੱਤੇ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ 2020-21 ਸਕੂਲ ਯੀਅਰ ਦੇ ਦੋਵੇਂ ਸਮੈਸਟਰਜ਼ ਦੇ ਫਾਈਨਲ ਐਗਜ਼ਾਮਜ਼ ਰੱਦ ਕਰ ਦਿੱਤੇ ਗਏ ਹਨ।

ਮਾਪਿਆਂ ਨੂੰ ਲਿਖੇ ਪੱਤਰ ਵਿੱਚ ਸਕੂਲ ਬੋਰਡ ਨੇ ਆਖਿਆ ਹੈ ਕਿ ਪੂਰੇ ਸਕੂਲ ਵਰ੍ਹੇ ਦੌਰਾਨ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਅਸਾਈਨਮੈਂਟਸ ਦੇ ਅਧਾਰ ਉੱਤੇ ਹੀ ਵਿਦਿਆਰਥੀਆਂ ਨੂੰ ਗ੍ਰੇਡ ਦਿੱਤੇ ਜਾਣਗੇ। ਇਮਤਿਹਾਨਾਂ ਲਈ ਨਿਰਧਾਰਤ ਦਿਨਾਂ ਦੀ ਵਰਤੋਂ ਵਿਦਿਆਰਥੀਆਂ ਨੂੰ ਆਪਣੀਆਂ ਅਸਾਈਨਮੈਂਟਸ ਮੁਕੰਮਲ ਕਰਨ ਲਈ ਵਾਧੂ ਸਮੇਂ ਵਜੋਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਫਾਈਨਲ ਐਗਜ਼ਾਮ ਰੱਦ ਕਰਨ ਲਈ ਕਮਿਊਨਿਟੀ ਨੂੰ ਸ਼ਾਮਲ ਕੀਤੇ ਜਾਣ ਵਾਸਤੇ 40 ਘੰਟਿਆਂ ਦੀ ਜਿਹੜੀ ਸ਼ਰਤ ਹੈ ਉਸ ਨੂੰ ਘਟਾ ਕੇ ਹੁਣ 20 ਘੰਟੇ ਕਰ ਦਿੱਤਾ ਗਿਆ ਹੈ। ਅਕਤੂਬਰ ਵਿੱਚ ਪ੍ਰੋਵਿੰਸ ਦੇ ਸਿੱਖਿਆ ਮੰਤਰਾਲੇ ਵੱਲੋਂ ਪ੍ਰੋਵਿੰਸ ਦੇ ਸਕੂਲ ਬੋਰਡਜ਼ ਨੂੰ ਇਹ ਬਦਲ ਦਿੱਤਾ ਗਿਆ ਸੀ ਕਿ ਮਹਾਂਮਾਰੀ ਕਾਰਨ ਅਸਥਿਰਤਾ ਵਾਲੇ ਮਾਹੌਲ ਵਿੱਚ ਵਿਦਿਆਰਥੀਆਂ ਦੇ ਗ੍ਰੇਡ ਐਡਜਸਟ ਕੀਤੇ ਜਾ ਸਕਦੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com


SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਟਰੂਡੋ ਸਰਕਾਰ ਨਵਾਂ ਪ੍ਰਾਈਵੇਸੀ ਬਿੱਲ ਲਿਆਉਣ ਦੀ ਤਿਆਰੀ ’ਚ

ਓਟਵਾ, 19 ਨਵੰਬਰ (ਪੋਸਟ ਬਿਊਰੋ) : ਡਿਜੀਟਲ ਯੁੱਗ ਵਿੱਚ ਕੈਨੇਡੀਅਨਾਂ ਦੀ ਪ੍ਰਾਈਵੇਸੀ ਦੀ ਹਿਫਾਜ਼ਤ ਲਈ ਟਰੂਡੋ ਸਰਕਾਰ ਨਵਾਂ ਬਿੱਲ ਲਿਆਉਣ ਜਾ ਰਹੀ ਹੈ।

ਇਸ ਬਿੱਲ ਨੂੰ ਇਸ ਹਫਤੇ ਹੀ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਇਹ ਬਿੱਲ ਇਨੋਵੇਸ਼ਨ ਮੰਤਰੀ ਨਵਦੀਪ ਬੈਂਸ ਦੇ ਪੱਤਰ ਵਿੱਚ ਕੀਤੇ ਗਏ ਵਾਅਦਿਆਂ ਦੇ ਅਧਾਰ ਉੱਤੇ ਹੀ ਤਿਆਰ ਕੀਤਾ ਜਾਵੇਗਾ। ਇਸ ਦੌਰਾਨ 10 ਸਿਧਾਂਤਾਂ ਦਾ ਖਾਸ ਖਿਆਲ ਰੱਖਿਆ ਜਾਵੇਗਾ, ਜਿਨ੍ਹਾਂ ਵਿੱਚ ਡਾਟਾ ਉੱਤੇ ਪੂਰਨ ਨਿਯੰਤਰਣ ਦੇ ਨਾਲ ਨਾਲ ਜਾਣਕਾਰੀ ਦੀ ਦੁਰਵਰਤੋਂ ਨੂੰ ਰੋਕਣ ਲਈ ਜੁਰਮਾਨਿਆਂ ਦਾ ਪ੍ਰਬੰਧ ਵੀ ਹੋਵੇਗਾ। ਇਸ ਬਿੱਲ ਨੂੰ ਓਵਰਹਾਲ ਕਰਨ ਦੀ ਮੰਗ ਫੈਡਰਲ ਪ੍ਰਾਈਵੇਸੀ ਕਮਿਸ਼ਨਰ ਡੈਨੀਅਲ ਥੈਰੇਨ ਵੱਲੋਂ ਤਾਂ ਕੀਤੀ ਹੀ ਗਈ ਹੈ ਸਗੋਂ ਇਹ ਆਧੁਨਿਕ ਕੈਨੇਡਾ ਦੇ ਉਮਰ ਵਿਹਾਅ ਚੁੱਕੇ ਪ੍ਰਾਈਵੇਸੀ ਲਾਅਜ਼ ਲਈ ਸਮੇਂ ਦੀ ਮੰਗ ਹੈ।



ਲਿਬਰਲਾਂ ਨੇ ਇਸ ਸਬੰਧ ਵਿੱਚ ਬਿੱਲ ਲਿਆਉਣ ਦਾ ਆਪਣਾ ਇਰਾਦਾ ਜ਼ਾਹਿਰ ਕਰ ਦਿੱਤਾ ਹੈ ਤੇ ਇਹ ਬਿੱਲ ਕੰਜ਼ਿਊਮਰ ਪ੍ਰਾਈਵੇਸੀ ਪ੍ਰੋਟੈਕਸ਼ਨ ਐਕਟ ਤੇ ਪਰਸਨਲ ਇਨਫਰਮੇਸ਼ਨ ਐਂਡ ਡਾਟਾ ਪ੍ਰੋਟੈਕਸ਼ਨ ਟ੍ਰਿਬਿਊਨਲ ਐਕਟ ਕਾਇਮ ਕਰੇਗਾ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਨਵਾਂ ਬਿੱਲ ਮੌਜੂਦਾ ਫੈਡਰਲ ਪ੍ਰਾਈਵੇਸੀ ਕਾਨੂੰਨ ਦੇ ਰਹਿੰਦਿਆਂ ਕਿਸ ਤਰ੍ਹਾਂ ਕੰਮ ਕਰੇਗਾ। ਪ੍ਰਾਈਵੇਸੀ ਐਕਟ ਸਰਕਾਰੀ ਏਜੰਸੀਆਂ ਤੇ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਇੰਡਸਟਰੀਜ਼ ਜਿਵੇਂ ਕਿ ਬੈਂਕ ਤੇ ਏਅਰਲਾਈਨਜ਼ ਨੂੰ ਕਵਰ ਕਰੇਗਾ। ਪਰਸਨਲ ਇਨਫਰਮੇਸ਼ਨ ਪ੍ਰੋਟੈਕਸ਼ਨ ਐਂਡ ਇਲੈਕਟ੍ਰੌਨਿਕ ਡੌਕਿਊਮੈਂਟਸ ਐਕਟ ਪ੍ਰਾਈਵੇਟ ਸੈਕਟਰ ਨਾਲ ਜੁੜੀਆਂ ਆਰਗੇਨਾਈਜ਼ੇਸ਼ਨਜ਼ ਉੱਤੇ ਅਪਲਾਈ ਹੋਵੇਗਾ।

# ਪੀਲ ਪੁਲਿਸ ਨੇ ਇੱਕੋ ਗਿਰੋਹ ਦੇ 88 ਮੈਂਬਰਾਂ ਨੂੰ ਕੀਤਾ ਗ੍ਰਿਫਤਾਰ, ਲਾਏ ਗਏ 800 ਚਾਰਜਿਜ਼

ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਕਤਲ ਕਰਨ, ਵੱਖ ਵੱਖ ਗੋਲੀਕਾਂਡ ਨੂੰ ਅੰਜਾਮ ਦੇਣ ਅਤੇ ਨਸ਼ਿਆਂ ਦੀ ਸਮਗਲਿੰਗ ਦੇ ਸਬੰਧ ਵਿੱਚ ਕਥਿਤ ਤੌਰ ਉੱਤੇ ਜ਼ਿੰਮੇਵਾਰ ਗੈਂਗ ਦੇ 88 ਮੈਂਬਰਾਂ ਨੂੰ ਪੀਲ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਮਾਮਲਿਆਂ ਵਿੱਚ ਜਾਰੀ ਜਾਂਚ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ।

ਅਧਿਕਾਰੀਆਂ ਨੇ ਆਖਿਆ ਕਿ “ਨਿਊ ਮਨੀ ਸੋ ਸਿੱਕ” ਨਾਂ ਦੇ ਇਸ ਗੈਂਗ ਨਾਲ ਸਬੰਧਤ ਜਾਂਚ ਚੱਲ ਰਹੀ ਸੀ ਤੇ ਅਧਿਕਾਰੀਆਂ ਵੱਲੋਂ ਕਤਲ, ਮਨੁੱਖੀ ਸਮਗਲਿੰਗ ਤੇ ਨਸ਼ਿਆਂ ਦੀ ਸਮਗਲਿੰਗ ਵਰਗੇ ਜੁਰਮਾਂ ਲਈ 800 ਤੋਂ ਵੱਧ ਚਾਰਜਿਜ਼ ਇਸ ਗੈਂਗ ਦੇ ਗ੍ਰਿਫਤਾਰ ਕੀਤੇ ਗਏ ਮੈਂਬਰਾਂ ਦੇ ਖਿਲਾਫ ਲਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਸਤੰਬਰ 2019 ਵਿੱਚ ਪ੍ਰੋਜੈਕਟ ਸਾਈਫਨ ਚਲਾਇਆ ਗਿਆ। ਪੁਲਿਸ ਵੱਲੋਂ ਇਸ ਪ੍ਰੋਜੈਕਟ ਤਹਿਤ ਮਿਸੀਸਾਗਾ ਤੇ ਬਰੈਂਪਟਨ ਵਿੱਚ ਫੈਲੇ ਡਰੱਗ ਨੈੱਟਵਰਕ ਦੀ ਜਾਂਚ ਸ਼ੁਰੂ ਕੀਤੀ ਗਈ।

ਪੁਲਿਸ ਨੇ ਦੱਸਿਆ ਕਿ ਇਸ ਜਾਂਚ ਤੋਂ ਬਾਅਦ ਕਥਿਤ ਗੈਂਗ ਲੀਡਰ ਮਹਿਮੂਦ ਅਲ ਰਮਾਹੀ ਸਮੇਤ ਕਈ ਗ੍ਰਿਫਤਾਰੀਆਂ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਅਗਸਤ ਵਿੱਚ ਇੱਕ 29 ਸਾਲਾ ਵਿਅਕਤੀ ਦੇ ਕਤਲ ਦੇ ਸਬੰਧ ਵਿੱਚ ਰਮਾਹੀ ਨੂੰ ਫਰਸਟ ਡਿਗਰੀ ਮਰਡਰ ਦੇ ਦੋਸ਼ ਵਿੱਚ ਚਾਰਜ ਕੀਤਾ ਗਿਆ ਸੀ। ਇਹ ਵੀ ਆਖਿਆ ਗਿਆ ਕਿ ਜਿਸ ਵਿਅਕਤੀ ਨੂੰ ਗੋਲੀ ਮਾਰ ਕੇ ਮਾਰਿਆ ਗਿਆ ਉਹ ਗੈਂਗ ਵੱਲੋਂ ਕਥਿਤ ਤੌਰ ਉੱਤੇ ਚਲਾਏ ਜਾਣ ਵਾਲੇ ਗੈਰਕਾਨੂੰਨੀ ਕੈਨਾਬਿਸ ਆਪਰੇਸ਼ਨ ਤੋਂ ਅਕਸਰ ਪ੍ਰੋਡਕਟਸ ਲਿਆਇਆ ਕਰਦਾ ਸੀ।




ਪੁਲਿਸ ਨੇ ਦੱਸਿਆ ਕਿ ਸਤੰਬਰ 2019 ਵਿੱਚ 17 ਸਾਲਾ ਲੜਕੇ ਨੂੰ ਗੋਲੀ ਮਾਰ ਕੇ ਮਾਰੇ ਜਾਣ ਦੇ ਮਾਮਲੇ ਲਈ ਵੀ ਇਹੋ ਗੈਂਗ ਜ਼ਿੰਮੇਵਾਰ ਸੀ। ਸੁਪਰਡੈਂਟ ਮਾਰਟਿਨ ਓਟਾਵੇ ਨੇ ਆਖਿਆ ਕਿ ਹਿੰਸਾ ਦੀਆਂ ਇਨ੍ਹਾਂ ਘਟਨਾਵਾਂ ਉੱਤੇ ਰੋਕ ਲਾਉਣ ਲਈ ਸਾਡੇ ਜਾਂਚਕਾਰ ਅਣਥੱਕ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਆਪਣੀ ਕਮਿਊਨਿਟੀ ਵਿੱਚ ਅਸੀਂ ਇਸ ਤਰ੍ਹਾਂ ਦੀ ਹਿੰਸਾ ਬਰਦਾਸ਼ਤ ਨਹੀਂ ਕਰਾਂਗੇ।

# ਹਾਲ ਦੀ ਘੜੀ ਗ੍ਰੀਨ ਜ਼ੋਨ ਵਿੱਚ ਦਾਖਲ ਨਹੀਂ ਹੋ ਸਕੇਗਾ ਓਨਟਾਰੀਓ : ਐਲੀਅਟ

ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਅਤੇ ਛੁੱਟੀਆਂ ਦੇ ਮਾਹੌਲ ਵਿੱਚ ਪ੍ਰੋਵਿੰਸ ਦੀ ਸਿਹਤ ਮੰਤਰੀ ਨਾਲੋਂ ਚੀਫ ਮੈਡੀਕਲ ਆਫੀਸਰ ਜ਼ਿਆਦਾ ਉਤਸਾਹਿਤ ਹਨ ਤੇ ਸਕਾਰਾਤਮਕ ਰੌਅ ਪ੍ਰਗਟਾਅ ਰਹੇ ਹਨ।

ਇਸ ਸਬੰਧ ਵਿੱਚ ਡਾ. ਡੇਵਿਡ ਵਿਲੀਅਮਜ਼ ਨੇ ਆਸ ਪ੍ਰਗਟਾਈ ਕਿ ਕ੍ਰਿਸਮਸ ਤੱਕ ਸਮੁੱਚਾ ਪ੍ਰੋਵਿੰਸ ਘੱਟ ਪਾਬੰਦੀਆਂ ਵਾਲੀ ਗ੍ਰੀਨ ਜ਼ੋਨ ਵਿੱਚ ਪਹੁੰਚ ਸਕਦਾ ਹੈ। ਪਰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੂੰ ਅਜਿਹਾ ਨਹੀਂ ਲੱਗਦਾ। ਐਲੀਅਟ ਨੇ ਆਖਿਆ ਕਿ ਇਸ ਮੌਕੇ ਅਜਿਹਾ ਆਖਣਾ ਸੰਭਵ ਨਹੀਂ ਹੈ। ਉਨ੍ਹਾਂ ਆਖਿਆ ਕਿ ਅਸੀਂ ਰੋਜ਼ਾਨਾ ਸਾਰੇ ਡਾਟਾ ਉੱਤੇ ਨਜ਼ਰ ਰੱਖ ਰਹੇ ਹਾਂ। ਅਸੀਂ ਉਨ੍ਹਾਂ ਇਲਾਕਿਆਂ ਦਾ ਖਾਸ ਖਿਆਲ ਰੱਖਦੇ ਹਾਂ ਜਿਨ੍ਹਾਂ ਉੱਤੇ ਵਧੇਰੇ ਪਾਬੰਦੀਆਂ ਲਾਈਆਂ ਗਈਆਂ ਹਨ ਜਿਵੇਂ ਕਿ ਪੀਲ ਤੇ ਟੋਰਾਂਟੋ। ਐਲੀਅਟ ਨੇ ਆਖਿਆ ਕਿ ਡੇਵਿਡ ਦਾ ਰੌਅ ਕਾਫੀ ਸਕਾਰਾਤਮਕ ਹੈ ਪਰ ਇਹ ਉਨ੍ਹਾਂ ਦੇ ਸੁਭਾਅ ਵਿੱਚ ਹੀ ਸ਼ਾਮਲ ਹੈ।



ਉਨ੍ਹਾਂ ਆਖਿਆ ਕਿ ਡਾ. ਵਿਲੀਅਮਜ਼ ਤੇ ਉਨ੍ਹਾਂ ਦੀ ਟੀਮ ਆਉਣ ਵਾਲੇ ਹਫਤਿਆਂ ਵਿੱਚ ਨਵੀਂ ਸੇਧ ਨਾਲ ਸਾਹਮਣੇ ਆਵੇਗੀ। ਇਸ ਸਮੇਂ ਪੀਟਜਬੌਰੋ, ਚੈਟਮ-ਕੈਂਟ ਤੇ ਐਲਗੋਮਾ ਇਲਾਕੇ ਗ੍ਰੀਨ ਜ਼ੋਨ ਵਿੱਚ ਹਨ। ਪਰ ਕੋਵਿਡ-19 ਦੇ ਟਰਾਂਸਮਿਸ਼ਨ ਤੇ ਪਾਜ਼ੀਟਿਵ ਮਾਮਲਿਆਂ ਦੀ ਦਰ ਕਾਰਨ ਟੋਰਾਂਟੋ, ਪੀਲ, ਹਾਲਟਨ ਤੇ ਯੌਰਕ ਰੈੱਡ ਜ਼ੋਨ ਵਿੱਚ ਹਨ।

ਐਲੀਅਟ ਨੇ ਆਖਿਆ ਕਿ ਅਸੀਂ ਸਾਰੇ ਵੀ ਚਾਹੁੰਦੇ ਹਾਂ ਕਿ ਇਨ੍ਹਾਂ ਛੁੱਟੀਆਂ ਤੋਂ ਪਹਿਲਾਂ ਸਮੁੱਚਾ ਓਨਟਾਰੀਓ ਗ੍ਰੀਨ ਜ਼ੋਨ ਵਿੱਚ ਆ ਜਾਵੇ। ਪਰ ਹਾਲ ਦੀ ਘੜੀ ਇਹ ਆਖਣਾ ਬਹੁਤ ਮੁਸ਼ਕਲ ਹੈ। ਉਨ੍ਹਾਂ ਆਖਿਆ ਕਿ ਜੇ ਅਸੀਂ ਸਾਰੇ ਹੀ ਚਾਹੁੰਦੇ ਹਾਂ ਕਿ ਅਸੀਂ ਜਲਦ ਤੋਂ ਜਲਦ ਗ੍ਰੀਨ ਜ਼ੋਨ ਵਿੱਚ ਦਾਖਲ ਹੋਈਏ ਤਾਂ ਸਾਨੂੰ ਸਾਰਿਆਂ ਨੂੰ ਆਪੋ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਪੂਰੀ ਕਰਨੀ ਹੋਵੇਗੀ।

# ਓਨਟਾਰੀਓ ਦੇ ਸਕੂਲਾਂ ਵਿੱਚ ਸਰਦ ਰੁੱਤ ਦੀਆਂ ਛੁੱਟੀਆਂ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ : ਲਿਚੇ

ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਐਲਾਨ ਕੀਤਾ ਕਿ ਪ੍ਰੋਵਿੰਸ ਦੇ ਸਕੂਲ ਬੋਰਡਜ਼ ਲਈ ਛੁੱਟੀਆਂ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਫੋਰਡ ਸਰਕਾਰ ਦੀਆਂ ਸੇਫਟੀ ਪ੍ਰੋਟੋਕਾਲਜ਼ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਗਿਆ ਹੈ।

ਸਟੀਫਨ ਲਿਚੇ ਨੇ ਬੁੱਧਵਾਰ ਨੂੰ ਕੁਈਨਜ਼ ਪਾਰਕ ਤੋਂ ਇਹ ਬਿਆਨ ਜਾਰੀ ਕੀਤਾ। ਲਿਚੇ ਨੇ ਆਖਿਆ ਕਿ ਓਨਟਾਰੀਓ ਦੇ ਸੇਫ ਸਕੂਲਜ਼ ਪਲੈਨ ਤਹਿਤ ਵਿਦਿਆਰਥੀਆਂ ਨੂੰ ਕੋਵਿਡ-19 ਤੋਂ ਸੇਫ ਰੱਖਣ ਦਾ ਉਪਰਾਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਆਪਣੀ ਪੜ੍ਹਾਈ ਦੇ ਨਾਲ ਨਾਲ ਆਪਣੇ ਦੋਸਤਾਂ ਤੇ ਕਲਾਸਮੇਟਸ ਨਾਲ ਰਾਬਤਾ ਕਾਇਮ ਕਰਕੇ ਆਪਣੀ ਸੋਸ਼ਲ ਲਾਈਫ ਜਾਰੀ ਰੱਖਣ ਦਾ ਵੀ ਮੌਕਾ ਦਿੱਤਾ ਗਿਆ ਹੈ। ਲਿਚੇ ਨੇ ਆਖਿਆ ਕਿ ਉਨ੍ਹਾਂ ਵੱਲੋਂ ਚੀਫ ਮੈਡੀਕਲ ਆਫੀਸਰ ਆਫ ਹੈਲਥ ਨਾਲ ਇਸ ਸਬੰਧ ਵਿੱਚ ਵਿਚਾਰ ਵਟਾਂਦਰਾ ਕਰਨ ਦੇ ਨਾਲ ਨਾਲ ਪਬਲਿਕ ਹੈਲਥ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹ ਤੈਅ ਕੀਤਾ ਗਿਆ ਕਿ ਇਸ ਸਮੇਂ ਸਰਦ ਰੁੱਤ ਦੀਆਂ ਵਾਧੂ ਛੁੱਟੀਆਂ ਦੀ ਲੋੜ ਨਹੀਂ ਹੈ। ਉਨ੍ਹਾਂ ਆਖਿਆ ਕਿ ਓਨਟਾਰੀਓ ਦੇ ਸਕੂਲਾਂ ਵਿੱਚ ਸੇਫਟੀ ਸਬੰਧੀ ਪ੍ਰੋਟੋਕਾਲਜ਼ ਦਾ ਪੂਰਾ ਖਿਆਲ ਰੱਖਿਆ ਜਾ ਰਿਹਾ ਹੈ, ਟਰਾਂਸਮਿਸ਼ਨ ਦਾ ਪੱਧਰ ਬਹੁਤ ਨੀਵਾਂ ਹੈ ਤੇ ਸਾਡੇ ਸਕੂਲਾਂ ਵਿੱਚ ਸੇਫਟੀ ਦੇ ਪੂਰੇ ਇੰਤਜ਼ਾਮ ਹਨ।



ਇਸ ਤੋਂ ਪਹਿਲਾਂ ਮੰਗਲਵਾਰ ਨੂੰ ਲਿਚੇ ਨੇ ਵਿਦਿਆਰਥੀਆਂ ਲਈ ਸਰਦ ਰੁੱਤ ਦੀਆਂ ਛੁੱਟੀਆਂ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਪ੍ਰਗਟਾਈ ਸੀ। ਉਨ੍ਹਾਂ ਇਹ ਵੀ ਆਖਿਆ ਸੀ ਕਿ ਜੇ ਅਜਿਹਾ ਹੁੰਦਾ ਹੈ ਤਾਂ ਮਾਪਿਆਂ ਨੂੰ ਅਗਾਊਂ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਪਰ ਓਨਟਾਰੀਓ ਦੇ ਪ੍ਰੀਮੀਅਰ ਨੇ ਇਹ ਸਪਸ਼ਟ ਕੀਤਾ ਸੀ ਕਿ ਸਕੂਲਾਂ ਵਿੱਚ ਹੋਰ ਛੁੱਟੀਆਂ ਨਹੀਂ ਕੀਤੀਆਂ ਜਾਣਗੀਆਂ।

# ਮਾਰਖਮ ਦੇ ਪ੍ਰਾਈਵੇਟ ਕਾਲਜ ਘਪਲੇ ਵਿੱਚ ਨੌਂ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਮਾਰਖਮ, 19 ਨਵੰਬਰ (ਪੋਸਟ ਬਿਊਰੋ) : ਮਾਰਖਮ ਸਥਿਤ ਇੱਕ ਪ੍ਰਾਈਵੇਟ ਕਰੀਅਰ ਕਾਲਜ ਵਿੱਚ ਹੋਏ ਕਥਿਤ ਫਰਾਡ ਦੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਐਂਟੀ ਰੈਕੇਟਸ ਬ੍ਰਾਂਚ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਰੌਇਲ ਇੰਸਟੀਚਿਊਟ ਆਫ ਸਾਇੰਸ ਐਂਡ ਮੈਨੇਜਮੈਂਟ (ਆਰ ਆਈ ਐਸ ਐਮ)ਨਾਲ ਸਬੰਧਤ ਨੌਂ ਵਿਅਕਤੀਆਂ ਉੱਤੇ ਚਾਰਜਿਜ਼ ਲਾਏ ਗਏ ਹਨ। ਇਹ ਦੋਸ਼ ਲਾਇਆ ਗਿਆ ਹੈ ਕਿ ਛੇ ਸਾਲਾਂ ਦੇ ਅਰਸੇ ਵਿੱਚ ਸਕੂਲ ਦੇ ਮਾਲਕਾਂ ਤੇ ਇੰਪਲੌਈਜ਼ ਵੱਲੋਂ ਵਿਦਿਆਰਥੀਆਂ ਨੂੰ ਓਨਟਾਰੀਓ ਸਰਕਾਰ ਦੇ ਸੈਕਿੰਡ ਕਰੀਅਰ ਫੰਡਿੰਗ ਪ੍ਰੋਗਰਾਮ ਵਾਸਤੇ ਅਪਲਾਈ ਕਰਨ ਲਈ ਰਕਰੂਟ ਕੀਤਾ ਗਿਆ। ਇਹ ਪ੍ਰੋਗਰਾਮ ਬੇਰੋਜ਼ਗਾਰ ਵਰਕਰਜ਼ ਵੱਲੋਂ ਮੁੜ ਨਵੇਂ ਸਕਿੱਲਜ਼ ਸਿੱਖਣ ਲਈ ਤਿਆਰ ਕੀਤਾ ਗਿਆ ਤਾਂ ਕਿ ਉਹ ਖੁਦ ਨੂੰ ਵਰਕ ਫੋਰਸ ਵਿੱਚ ਮੁੜ ਸ਼ਾਮਲ ਕਰਨ ਦੇ ਯੋਗ ਹੋ ਸਕਣ।

ਇਸ ਪ੍ਰੋਗਰਾਮ ਤਹਿਤ ਚੁਣੇ ਜਾਣ ਵਾਲੇ ਹਰ ਸ਼ਖਸ ਨੂੰ ਟਿਊਸ਼ਨ, ਕਿਤਾਬਾਂ ਤੇ ਰਹਿਣ ਦੇ ਹੋਰ ਖਰਚਿਆਂ ਲਈ 28 ਹਜ਼ਾਰ ਡਾਲਰ ਫੰਡ ਦਿੱਤੇ ਜਾਂਦੇ ਹਨ। ਪੁਲਿਸ ਨੇ ਦੱਸਿਆ ਕਿ ਫਿਰ ਵਿਦਿਆਰਥੀ ਇਨ੍ਹਾਂ ਫੰਡਾਂ ਰਾਹੀਂ ਹਾਸਲ ਰਕਮ ਨੂੰ ਟਿਊਸ਼ਨ ਦੇ ਰੂਪ ਵਿੱਚ ਆਰ ਆਈ ਐਸ ਐਮ ਨੂੰ ਦਿੰਦੇ ਸਨ। ਫਿਰ ਵਿਦਿਆਰਥੀਆਂ ਨੂੰ ਬਾਕਾਇਦਾ ਡਿਪਲੋਮਾ ਦਿੱਤਾ ਜਾਂਦਾ ਸੀ ਫਿਰ ਭਾਵੇਂ ਉਨ੍ਹਾਂ ਕੋਈ ਕਲਾਸ ਲਾਈ ਹੋਵੇ ਜਾਂ ਨਾ ਤੇ ਜਾਂ ਫਿਰ ਕੋਈ ਟਰੇਨਿੰਗ ਨਾ ਵੀ ਹਾਸਲ ਕੀਤੀ ਹੋਵੇ।

ਇਸ ਮਾਮਲੇ ਵਿੱਚ ਅੱਠ ਇੰਪਲੌਇਜ਼ ਤੇ ਇੱਕ ਸਾਬਕਾ ਵਿਦਿਆਰਥੀ ਨੂੰ 5000 ਡਾਲਰ ਤੋਂ ਵੱਧ ਦੇ ਫਰਾਡ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

- Michael Ostroff, 73, from Etobicoke
- Wei (Raymond) Xu, 58, from Richmond Hill
- Ming-ya (Kathy) Kennedy, 56, from Cobourg
- Deguang (Derek) Chen, 56, from Toronto
- Ye (Parker) Liu, 54, from Markham
- Octavian Calin Lucaciu, 54, from Oakville
- Xue (Sherry) Hang, 51, from Richmond Hill
- Jue (Judy) Li, 37, from Richmond Hill
- Jing (Mary) Bian, 34, from Thornhill

ਇਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ। ਇਨ੍ਹਾਂ ਸਾਰਿਆਂ ਨੂੰ 14 ਜਨਵਰੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਸਕਾਰਬੌਰੋ ਦੇ ਹਾਈ ਸਕੂਲ ’ਚ 13 ਵਿਦਿਆਰਥੀ ਪਾਏ ਗਏ ਕੋਵਿਡ-19 ਪਾਜ਼ੀਟਿਵ

ਟੋਰਾਂਟੋ, 19 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦਾ ਕਹਿਣਾ ਹੈ ਕਿ ਸਕਾਰਬੌਰੋ ਸਥਿਤ ਲੈਸਟਰ ਬੀ.ਪੀਅਰਸਨ ਕਾਲਜੀਏਟ ਇੰਸਟੀਚਿਊਟ ਦੇ 13 ਵਿਦਿਆਰਥੀ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ।

ਇੱਕ ਬੁਲਾਰੇ ਨੇ ਦੱਸਿਆ ਕਿ ਇਸ ਦੇ ਨਤੀਜੇ ਵਜੋਂ ਸਟਾਫ ਦੇ ਸੱਤ ਮੈਂਬਰ ਤੇ 69 ਹੋਰ ਵਿਦਿਆਰਥੀ ਸੈਲਫ ਆਈਸੋਲੇਟ ਕਰ ਰਹੇ ਹਨ। ਟੀਡੀਐਸਬੀ ਦੇ ਬੁਲਾਰੇ ਰਾਇਨ ਬਰਡ ਨੇ ਇੱਕ ਈਮੇਲ ਵਿੱਚ ਦੱਸਿਆ ਕਿ ਅਸੀਂ ਟੋਰਾਂਟੋ ਪਬਲਿਕ ਹੈਲਥ ਕੋਲੋਂ ਸੇਧ ਲੈ ਰਹੇ ਹਾਂ ਤੇ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਹਾਲ ਦੀ ਘੜੀ ਸਕੂਲ ਨੂੰ ਬੰਦ ਕੀਤਾ ਜਾਣਾ ਜ਼ਰੂਰੀ ਹੈ।

ਇਸ ਦੌਰਾਨ ਸਕੂਲ ਵੱਲੋਂ ਲੋੜੀਂਦੀਆਂ ਹੈਲਥ ਤੇ ਸੇਫਟੀ ਪ੍ਰੋਟੋਕਾਲਜ਼ ਜਿਵੇਂ ਕਿ ਕਲੀਨਿੰਗ, ਮਾਸਕ ਪਾਉਣਾ, ਹੱਥਾਂ ਨੂੰ ਸਾਫ ਸੁਥਰਾ ਰੱਖਣਾ ਤੇ ਫਿਜ਼ੀਕਲ ਡਿਸਟੈਂਸਿੰਗ ਬਣਾਈ ਰੱਖਣਾ ਆਦਿ ਦਾ ਪਾਲਣ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸੋਮਵਾਰ ਸਵੇਰੇ ਪ੍ਰੋਵਿੰਸ ਨੂੰ ਲੈਸਟਰ ਬੀ. ਪੀਅਰਸਨ ਕਾਲਜੀਏਟ ਵਿਖੇ ਕੋਵਿਡ-19 ਦੇ ਅੱਠ ਪਾਜ਼ੀਟਿਵ ਮਾਮਲਿਆਂ ਦੀ ਜਾਣਕਾਰੀ ਮਿਲੀ ਪਰ ਟੀਡੀਐਸਬੀ ਐਡਵਾਈਜ਼ਰੀਜ਼ ਪੇਜ ਅਨੁਸਾਰ ਇਹ 13 ਮਾਮਲੇ ਹਨ।







Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca




“Your neighborhood broker, Call Paramjit Deol Today”

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississisauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +. Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਡਾਢਾ ਦਿੱਲੀ ਦਾ ਸ਼ਹਿਰ ਹੈ ਫੇਰ ਫਸਿਆ,
ਆਈ ਮੁੜ ਕੇ ਕੋਰੋਨਾ ਦੀ ਲਹਿਰ ਮੀਆਂ।
ਵਧ ਗਏ ਕੇਸ ਤੇ ਮੌਤਾਂ ਦੀ ਲਾਈਨ ਲੱਗੀ,
ਆਖਣ ਲੋਕ ਫਿਰ ਮੱਚਿਆ ਕਹਿਰ ਮੀਆਂ।
ਹਸਪਤਾਲਾਂ ਦੇ ਵਿੱਚ ਨਹੀਂ ਬੈੱਡ ਮਿਲਦਾ,
ਖਾਣ-ਪੀਣ ਪਿਆ ਲੱਗਦਾ ਜ਼ਹਿਰ ਮੀਆਂ।
ਏਨੀ ਔਕੜ ਦੇ ਵਿੱਚ ਹੈ ਸ਼ਹਿਰ ਫਸਿਆ,
ਰਾਜਸੀ ਰੱਫੜ ਨਾ ਰਹੇ ਈ ਠਹਿਰ ਮੀਆਂ।
ਕੋਈ ਤਾਂ ਮੁੱਦਾ ਹੈ ਧਾਰਮਿਕ ਚੁੱਕ ਤੁਰਦਾ,
ਭੀੜਾਂ ਲਾਉਣ ਦੀ ਖੁੱਲ੍ਹ ਰਿਹਾ ਮੰਗ ਮੀਆਂ।
ਕੋਈ ਕਰਨ ਲਈ ਕਰੇ ਪਿਆ ਰਾਜਨੀਤੀ,
ਵਿਹਲੇ ਬਹਿਣ ਤੋਂ ਪਿਆ ਈ ਤੰਗ ਮੀਆਂ।

**ਤੀਸ ਮਾਰ ਖਾਂ**

ਕੈਪਟਨ ਅਮਰਿੰਦਰ ਵੱਲੋਂ ਅਪੀਲ

# ਪੰਜਾਬ ਦਾ ਰੇਲ-ਰੋਕਾਂ ਦਾ ਸੰਕਟ ਹੱਲ ਕਰਨ ਲਈ ਕੇਂਦਰ ਸਰਕਾਰ ਫਰਾਖਦਿਲੀ ਦਿਖਾਵੇ



ਚੰਡੀਗੜ੍ਹ, 19 ਨਵੰਬਰ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੇਲ ਗੱਡੀਆਂ ਰੁਕਣ ਦੇ ਕਾਰਨ ਪੰਜਾਬ ਵਿੱਚ ਪੈਦਾ ਹੋਏ ਮੌਜੂਦਾ ਸੰਕਟ ਦੇ ਹੱਲ ਲਈ ਕੇਂਦਰ ਸਰਕਾਰ ਨੂੰ ਕੁਝ ਫਰਾਖਦਿਲੀ ਦਿਖਾਉਣ ਤੇ ਮਾਲ ਗੱਡੀਆਂ ਦੇ ਚਲਾਉਣ ਨੂੰ ਯਾਤਰੀ ਰੇਲਾਂ ਦੀ ਆਵਾਜਾਈ ਨਾਲ ਨਾ ਜੋੜਨ ਦੀ ਅਪੀਲ ਕੀਤੀ ਹੈ। ਇਸ ਮੌਕੇਉਨ੍ਹਾਂਨੇ ਕੇਂਦਰ ਸਰਕਾਰ ਨੂੰ ਲੰਮੇ ਸਮੇਂ ਤੋਂ ਚੱਲ ਰਹੇ ਕਿਸਾਨ ਸੰਘਰਸ਼ ਨੂੰ ਮੁਕਾਉਣਦਾ ਸੁਖਾਵਾਂ ਮਾਹੌਲ ਸਿਰਜਣ ਵਾਸਤੇ ਰਾਜ ਸਰਕਾਰ ਦਾ ਸਹਿਯੋਗ ਕਰਨ ਦੀ ਵੀ ਅਪੀਲ ਕੀਤੀ ਹੈ, ਕਿਉਂਕਿ ਇਸ ਅੰਦੋਲਨ ਦਾ ਪੰਜਾਬ ਅਤੇ ਦੇਸ਼ ਉਤੇ ਕਈ ਪੱਖਾਂ ਤੋਂ ਬਹੁਤ ਜ਼ਿਆਦਾ ਗੰਭੀਰ ਅਸਰ ਹੋ ਰਿਹਾ ਅਤੇ ਮੁਸ਼ਕਲਾਂ ਵਧ ਰਹੀਆਂ ਹਨ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਰਾਜ ਤੇ ਕੇਂਦਰ ਦੀਆਂ ਦੋਵਾਂ ਸਰਕਾਰਾਂ ਦੀ ਸਾਂਝੀ ਜ਼ਿੰਮੇਵਾਰੀ ਹੈ ਕਿ ਰੇਲ ਸੇਵਾਵਾਂ ਰੁਕਣ ਨਾਲ ਪੈਦਾ ਹੋਏ ਮੌਜੂਦਾ ਸੰਕਟ ਨੂੰ ਸੁਲਝਾਉਣ ਲਈ ਉਸਾਰੂ ਮਾਹੌਲ ਪੇਸ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਛੇਤੀ ਹੀ ਚੰਡੀਗੜ੍ਹ ਵਿੱਚ ਕਿਸਾਨ ਯੂਨੀਅਨਾਂ ਨਾਲ ਮੀਟਿੰਗ ਕਰਨਗੇ ਅਤੇ ਦਿੱਲੀ ਵਿੱਚ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰਮਿਲਣਗੇ। ਉਨ੍ਹਾਂ ਕਿਹਾ ਕਿ ਮੌਜੂਦਾ ਸਥਿਤੀ ਨਾਲ ਪੰਜਾਬ ਦੇ ਖਜ਼ਾਨੇ ਨੂੰ ਵੱਡਾ ਘਾਟਾ ਪੈਣ ਦੇ ਨਾਲ ਉਦਯੋਗ ਤੇ ਖੇਤੀਦਾਵੀ ਨੁਕਸਾਨ ਹੋ ਰਿਹਾ ਹੈ, ਇਸ ਲਈ ਉਹ ਦੋਵਾਂ ਧਿਰਾਂ ਨੂੰ ਸਮੱਸਿਆ ਦਾ ਸੁਖਾਵਾਂ ਹੱਲ ਲੱਭਣ ਲਈ ਕੁਝ ਸਰਗਰਮ ਕਦਮ ਚੁੱਕਣ ਦੀ ਅਪੀਲ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਰੇਲਾਂ ਰੁਕਣ ਦੇ ਨਾਲ ਨਾ ਸਿਰਫ ਪੰਜਾਬ, ਸਗੋਂ ਗੁਆਂਢੀ ਰਾਜਾਂ ਨੂੰ ਵੀ ਪ੍ਰੇਸ਼ਾਨੀ ਹੋ ਰਹੀ ਹੈ ਅਤੇ ਲੱਦਾਖ ਤੇ ਕਸ਼ਮੀਰ ਵਿੱਚ ਤਾਇਨਾਤ ਫੌਜ ਵੀ ਪ੍ਰਭਾਵਿਤ ਹੋਈ ਹੈ, ਕਿਉਂਕਿ ਉਸ ਦੀ ਸਪਲਾਈ ਉਤੇ ਅਸਰ ਪੈਂਦਾ ਹੈ।ਉਨ੍ਹਾਂ ਨੇ ਰੇਲ ਗੱਡੀਆਂ ਚਲਾਉਣ ਲਈਕੇਂਦਰ ਸਰਕਾਰਨੂੰ ਖੁੱਲ੍ਹ-ਦਿਲੀ ਨਾਲ ਵਿਚਾਰ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਕਿਸਾਨਾਂ ਦਾ ਫੈਸਲਾ ਹੈ ਕਿ ਮਾਲ ਗੱਡੀਆਂ ਦੇ ਚੱਲਣ ਪਿੱਛੋਂ ਉਹ ਮੁਸਾਫਰ ਗੱਡੀਆਂ ਨਾ ਰੋਕਣ ਬਾਰੇ ਮੁੜ ਵਿਚਾਰ ਕਰਨਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਵੀ ਮੁਸਾਫਰ ਗੱਡੀਆਂ ਨੂੰ ਲਾਂਘਾ ਦੇ ਕੇ ਹਾਲਾਤ ਆਮ ਵਾਂਗ ਬਣਾਉਣ ਲਈ ਮਦਦ ਕਰਨੀ ਚਾਹੀਦੀ ਹੈ, ਕਿਉਂਕਿ ਪੰਜਾਬ ਦੀ ਸਰਕਾਰ ਨੇ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਲੜਾਈ ਵਿੱਚ ਉਨ੍ਹਾਂ ਦਾ ਪੂਰਾ ਸਮਰਥਨ ਕੀਤਾ ਹੋਇਆ ਹੈ।

# ਬਾਦਲ ਅਕਾਲੀ ਦਲ ਨੂੰ ਝਟਕਾ, ਬਿਕਰਮ ਸਿੰਘ ਮਜੀਠੀਆ ਦੀ ਜ਼ੈੱਡ ਪਲੱਸ ਵਾਲੀ ਸੁਰੱਖਿਆ ਕੇਂਦਰ ਸਰਕਾਰ ਨੇ ਹਟਾਈ



ਚੰਡੀਗੜ੍ਹ, 19 ਨਵੰਬਰ, (ਪੋਸਟ ਬਿਊਰੋ)-ਬਾਦਲ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮਿਲੀ ਜ਼ੈੱਡ ਪਲੱਸ ਕੈਟੇਗਰੀ ਸੁਰੱਖਿਆ ਹਟਾ ਲਈ ਗਈ ਹੈ। ਇਹ ਸਕਿਉਰਟੀ ਬਿਕਰਮ ਸਿੰਘ ਮਜੀਠੀਆ ਨੂੰ ਕੇਂਦਰੀ ਗ੍ਰਹਿ ਮੰਤਰਾਲਾ ਨੇ ਦਿੱਤੀ ਹੋਈ ਸੀ ਅਤੇ ਉਨ੍ਹਾਂ ਦੀ ਸੁਰੱਖਿਆ ਦੇ ਲਈ ਕੇਂਦਰੀ ਉਦਯੋਗਿਕ ਸਕਿਉਰਟੀ ਫੋਰਸ(ਸੀ ਆਈ ਐੱਸ ਐੱਫ਼) ਅਤੇ ਪੰਜਾਬ ਪੁਲਸ ਦੇ ਜਵਾਨ ਤਾਇਨ-ਾਤ ਸਨ।

ਦੱਸਿਆ ਜਾਂਦਾ ਹੈ ਕਿ ਕੇਂਦਰੀ ਗ੍ਰਹਿ ਮੰਤਰਾਲਾ ਨੇ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਬਾਰੇ ਰਿਵਿਊ ਕਰਨ ਤੋਂ ਬਾਅਦ ਇਹ ਫੈਸਲਾ ਲਿਆ ਹੈ। ਉਂਜ ਰਾਜਸੀ ਪੱਖੋਂ ਕਿਹਾ ਜਾਂਦਾ ਹੈ ਕਿ ਭਾਰਤੀ ਜਨਤਾ ਪਾਰਟੀ ਤੇਅਕਾਲੀ ਦਲ ਦਾ ਗਠਜੋੜ ਟੁੱਟਣ ਪਿੱਛੋਂ ਵਧੀ ਤਲਖੀ ਕਾਰਨ ਕੇਂਦਰੀ ਗ੍ਰਹਿ ਮੰਤਰਾਲਾ ਨੇ ਇਹ ਫੈਸਲਾ ਲਿਆ ਹੋ ਸਕਦਾ ਹੈ।ਪੰਜਾਬ ਵਿਚ ਬਾਦਲਾਂਵਿੱਚੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਕੋਲਜ਼ੈੱਡ ਪਲਸ ਸਕਿਉਰਟੀ ਸੀ। ਸਾਲ 2016 ਵਿੱਚਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਕੇਂਦਰ ਸਰਕਾਰ ਨੂੰ ਪੱਤਰ ਭੇਜ ਕੇ ਇਨ੍ਹਾਂ ਤਿੰਨਾਂ ਦੀ ਸਕਿਉਰਟੀ ਹੋਰ ਵਧਾਉਣ ਦੀ ਬੇਨਤੀ ਕੀਤੀ ਸੀ। ਇਹ ਪੱਤਰ ਆਰ ਐੱਸ ਐੱਸ ਨੇਤਾ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੀ ਹੱਤਿਆ ਕੀਤੇ ਜਾਣ ਮਗਰੋਂ ਲਿਖਿਆ ਗਿਆ ਸੀ।

ਵਰਨਣ ਯੋਗ ਹੈ ਕਿ ਜੂਨ 2018 ਵਿੱਚ ਪੰਜਾਬ ਦੀ ਇਕ ਕੈਬਨਿਟ ਬੈਠਕ ਵਿੱਚ ਜੇਲ੍ਹਾਂ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬਿਕਰਮ ਸਿੰਘ ਮਜੀਠੀਆ ਦੀ ਸਕਿਉਰਟੀ ਉੱਤੇ ਇਤਰਾਜ਼ ਕੀਤਾ ਸੀ। ਇਕ ਜ਼ਿਲੇ ਦੇ ਐੱਸ ਐੱਸ ਪੀ ਵਲੋਂਲਿਖੇ ਪੱਤਰ ਦੀ ਕਾਪੀ ਵਿਖਾ ਕੇ ਰੰਧਾਵਾ ਨੇ ਕਿਹਾ ਸੀ ਕਿ ਉਨ੍ਹਾਂ ਦੇ ਮੰਤਰੀ ਹੋਣ ਦੇ ਬਾਵਜੂਦ ਪੁਲਸ ਜ਼ਿਲਿਆਂ ਵਿੱਚ ਰੂਟ ਪਲਾਨ ਨਹੀਂ ਲਾਉਂਦੀ, ਪਰ ਬਿਕਰਮ ਸਿੰਘ ਮਜੀਠੀਆ ਨੇਇਸ ਰਾਜ ਵਿਚ ਜਿੱਥੇ ਵੀ ਜਾਵੇ, ਉਸ ਲਈ ਹਰ ਜ਼ਿਲੇ ਦੀ ਪੁਲਸ ਨੂੰ ਰੂਟ ਪਲਾਨ ਲਾਉਣਾ ਪੈਂਦਾ ਹੈ। ਰੰਧਾਵਾ ਵਲੋਂ ਇਹ ਮਾਮਲਾ ਚੁੱਕੇ ਜਾਣ ਪਿੱਛੋਂ ਰਾਜ ਸਰਕਾਰ ਨੇ ਮਜੀਠੀਆ ਦੀ ਸਕਿਓਰਿਟੀ ਰਿਵਿਊ ਕਰਨ ਦੀ ਗੱਲ ਕਹੀ ਸੀ, ਪਰ ਨਾਲ ਕਿਹਾ ਸੀ ਕਿ ਮਜੀਠੀਆ ਨੂੰ ਸਕਿਉਰਟੀ ਕਿਉਂਕਿ ਕੇਦਰੀ ਗ੍ਰਹਿ ਮੰਤਰਾਲਾ ਨੇ ਦਿੱਤੀ ਹੈ, ਇਸ ਲਈ ਪੰਜਾਬ ਉਸ ਨੂੰ ਘੱਟ ਨਹੀਂ ਕਰ ਸਕਦਾ। ਆਖਰ ਅਕਾਲੀ-ਭਾਜਪਾ ਗੱਠਜੋੜ ਟੁੱਟਣ ਦੇ ਬਾਅਦ ਬਿਕਰਮ ਸਿੰਘ ਮਜੀਠੀਆ ਦੀ ਸਕਿਉਰਟੀ ਵੀ ਕੇਂਦਰ ਸਰਕਾਰ ਨੇ ਹਟਾ ਲਈ ਹੈ।

# ਕੈਪਟਨ ਅਮਰਿੰਦਰ ਦੇ ਪੁੱਤਰ ਰਣਇੰਦਰ ਤੋਂ ਇਨਫੋਰਸਮੈਂਟ ਵੱਲੋਂ ਛੇ ਘੰਟੇ ਪੁੱਛਗਿੱਛ




ਜਲੰਧਰ, 19 ਨਵੰਬਰ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬੇਟੇ ਰਣਇੰਦਰ ਸਿੰਘ ਅੱਜ ਵੀਰਵਾਰ ਨੂੰਜਲੰਧਰ ਵਿਖੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦਫ਼ਤਰ ਵਿੱਚ ਪੇਸ਼ ਹੋਣ ਲਈ ਪਹੁੰਚੇ, ਜਿੱਥੇ ਉਨ੍ਹਾਂ ਕੋਲੋਂ ਕਰੀਬ ਛੇ ਘੰਟੇ ਤੱਕ ਲੰਮੀ ਪੁੱਛਗਿੱਛ ਕੀਤੀ ਗਈ ਦੱਸੀ ਜਾਂਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਰਣਇੰਦਰ ਸਿੰਘ ਅੱਜ ਸਵੇਰੇ 11.05 ਵਜੇ ਈ ਡੀ ਦਫਤਰ ਪਹੁੰਚੇ ਅਤੇ ਫਿਰ ਸ਼ਾਮ ਨੂੰ 4.55 ਵਜੇ ਬਾਹਰ ਨਿਕਲੇ। ਇਸ ਤੋਂ ਪਹਿਲਾਂ ਰਣਇੰਦਰ ਸਿੰਘ ਨੂੰ ਦੋ ਵਾਰੀ ਈ ਡੀ ਨੇ ਸੰਮਨ ਕੀਤਾ ਸੀ, ਪਰ ਉਹ ਉਸ ਵਕਤ ਆਏ ਨਹੀਂ ਸਨ, ਜਿਸ ਦੇ ਲਈ ਵੱਖ-ਵੱਖ ਕਾਰਨ ਦੱਸੇ ਗਏ ਸਨ। ਅੱਜ ਈ ਡੀ ਦਫਤਰ ਤੋਂ ਬਾਹਰ ਆਣ ਕੇ ਮੀਡੀਆ ਨਾਲ ਗੱਲਬਾਤ ਦੌਰਾਨ ਰਣਇੰਦਰ ਸਿੰਘ ਨੇ ਆਖਿਆ ਕਿ ਉਹ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕ ਹੋਣ ਕਰ ਕੇ ਉਨ੍ਹਾਂ ਨੂੰ ਈ ਡੀ ਵੱਲੋਂ ਜਦੋਂ ਵੀ ਸੱਦਿਆ ਜਾਵੇ, ਉਹ ਹਾਜ਼ਰ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਕੇਸ ਵਿੱਚ ਛੁਪਾਉਣ ਵਾਲੀ ਕੋਈ ਗੱਲ ਹੀ ਨਹੀਂ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਐਡਵੋਕੇਟ ਜੈਵੀਰ ਸਿੰਘ ਸ਼ੇਰਗਿੱਲ ਵੀ ਸਨ।

ਵਰਨਣ ਯੋਗ ਹੈ ਕਿ ਰਣਇੰਦਰ ਸਿੰਘ ਦੇ ਖਿਲਾਫ ਵਿਦੇਸ਼ੀ ਕਰੰਸੀ ਦੇ ਕਾਨੂੰਨ ਦੀ ਉਲੰਘਣਾ ਦਾ ਕੇਸ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਸਾਲ 2016 ਵਿੱਚ ਵੀ ਉਹ ਈ ਡੀ ਸਾਹ-ਮਣੇ ਪੇਸ਼ ਹੋਏ ਸਨ। ਓਦੋਂ ਉਨ੍ਹਾਂ ਨੂੰ ਸਵਿਟਜ਼ਰਲੈਂਡ ਵਿੱਚ ਫੰਡਾਂ ਦੇ ਲੈਣ-ਦੇਣ, ਜਕਰੰਦਾ ਟਰੱਸਟ ਬਣਾਉਣ ਅਤੇ ਬ੍ਰਿਟਿਸ਼ ਵਰਜਿਨ ਆਈਲੈਂਡ ਅਤੇ ਕੁਝ ਹੋਰ ਥਾਂਵਾਂ ਉੱਤੇ ਮਾਲਕੀ ਵਾਲੀ ਜਾਇਦਾਦ ਵਿੱਚ ਹਿੱਸੇ ਬਾਰੇ ਪੁੱਛਿਆ ਗਿਆ ਸੀ। ਰਣਇੰਦਰ ਸਿੰਘ ਨੂੰ ਪਿਛਲੀ 27 ਅਕਤੂਬਰ ਨੂੰ ਪੇਸ਼ ਹੋਣ ਲਈ ਸੰਮਨ ਕੀਤਾ ਗਿਆ ਸੀ, ਪਰ ਓਦੋਂ ਉਨ੍ਹਾਂ ਦੇ ਵਕੀਲ ਅਤੇ ਪੰਜਾਬ ਕਾਂਗਰਸ ਦੇ ਬੁਲਾਰੇ ਜੈਵੀਰ ਸਿੰਘ ਸ਼ੇਰਗਿਲ ਨੇ ਈ ਡੀ ਨੂੰ ਦੱਸਿਆ ਸੀ ਕਿ ਉਹ ਉਲੰਪਿਕ ਖੇਡਾਂ ਬਾਰੇ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਕਰ ਕੇ ਹਾਜ਼ਰ ਨਹੀਂ ਹੋ ਸਕਦੇ। ਫਿਰ ਈ ਡੀ ਨੇ ਉਨ੍ਹਾਂ ਨੂੰ 6 ਨਵੰਬਰ ਨੂੰ ਸੱਦਿਆ ਸੀ, ਪਰ ਉਨ੍ਹਾਂ ਦੇ ਵਕੀਲ ਨੇ ਉਨ੍ਹਾਂ ਨੂੰ ਜ਼ੁਕਾਮ ਹੋਣ ਦੀ ਸੂਚਨਾ ਦਿੱਤੀ ਅਤੇ ਕਿਹਾ ਸੀ ਕਿ ਉਨ੍ਹਾਂ ਦਾ ਕੋਵਿਡ ਟੈੱਸਟ ਕਰਾਇਆ ਗਿਆ ਹੈ, ਜਿਸ ਦੇ ਕਾਰਨ ਡਾਕਟਰਾਂ ਨੇ ਉਨ੍ਹਾਂ ਨੂੰ ਹਾਲ ਦੀ ਘੜੀ ਕੁਆਰੰਟਾਈਨ ਵਿੱਚ ਰਹਿਣ ਲਈ ਕਿਹਾ ਹੋਇਆ ਹੈ।

# ਸੀ ਬੀ ਆਈ ਵੱਲੋਂ ਕਿਸੇ ਵੀ ਜਾਂਚ ਲਈ ਰਾਜ ਸਰਕਾਰ ਦੀ ਸਹਿਮਤੀ ਜ਼ਰੂਰੀ: ਸੁਪਰੀਮ ਕੋਰਟ



ਨਵੀਂ ਦਿੱਲੀ, 19 ਨਵੰਬਰ, (ਪੋਸਟ ਬਿਊਰੋ)-ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਕਹਿ ਦਿੱਤਾ ਹੈ ਕਿ ਕਿਸੇ ਰਾਜ ਦੀ ਸਰਕਾਰ ਦੇ ਅਧਿਕਾਰ ਖੇਤਰ ਵਿੱਚਕਿਸੇ ਵੀ ਕੇਸ ਦੀ ਜਾਂਚ ਲਈ ਸੀ ਬੀ ਆਈਨੂੰ ਉਸ ਦੀ ਸਹਿਮਤੀ ਲੈਣੀ ਜ਼ਰੂਰੀ ਹੈ ਅਤੇ ਜਾਂਚ ਏਜੰਸੀ ਰਾਜ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਓਥੇ ਜਾਂਚ ਨਹੀਂ ਕਰ ਸਕਦੀ।

ਜਸਟਿਸ ਏ ਐੱਮ ਖਾਨਵਲਕਰਅਤੇ ਜਸਟਿਸ ਬੀਆਰ ਗਵਈ ਦੇ ਬੈਂਚ ਨੇ ਕਿਹਾ ਕਿ ਇਹ ਵਿਵਸਥਾ ਸੰਵਿਧਾਨ ਦੇ ਫੈਡਰਲ ਬੰਧੇਜ ਦੇ ਮੁਤਾਬਕ ਹੈ, ਜਿਸ ਨੂੰ ਇਸਦੇ ਬੁਨਿਆਦੀ ਢਾਂਚੇ ਵਿੱਚੋਂ ਇਕ ਮੰਨਿਆ ਗਿਆ ਹੈ। ਕੋਰਟ ਨੇ ਦਿੱਲੀ ਸਪੈਸ਼ਲ ਪੁਲਿਸ ਇਸਟੇਬਲਿਸ਼ਮੈਂਟ (ਡੀ ਐੱਸਪੀਈ) ਐਕਟ ਦੀ ਧਾਰਾ ਪੰਜ ਅਤੇ ਛੇ ਦਾ ਹਵਾਲਾ ਦੇ ਕੇ ਕਿਹਾ ਕਿ ਇਹ ਦੇਖਿਆ ਜਾ ਸਕਦਾ ਹੈ ਕਿ ਡੀ ਐੱਸਪੀਈ ਐਕਟ ਦੀ ਧਾਰਾ ਪੰਜ ਭਾਰਤ ਦੀ ਸਰਕਾਰ ਨੂੰ ਡੀ ਐੱਸਪੀਈ ਮੈਂਬਰ ਰਾਜਾਂ ਦੀਆਂ ਸ਼ਕਤੀਆਂ ਤੇ ਅਧਿਕਾਰ ਖੇਤਰ ਰਾਜਾਂ ਵਿੱਚ ਵਿਸਥਾਰ ਕਰਨ ਦੇ ਹੱਕ ਦੇਂਦੀ ਹੈ, ਪਰ ਧਾਰਾ ਛੇ ਹੇਠ ਇਹਆਗਿਆਓਦੋਂ ਤਕ ਨਹੀਂ ਹੁੰਦੀ, ਜਦੋਂ ਤਕ ਸਬੰਧਤ ਰਾਜ ਦੇ ਖੇਤਰ ਵਿੱਚਇਸ ਵਿਸਥਾਰ ਲਈ ਸੂਬਾ ਸਰਕਾਰ ਦੀ ਸਹਿਮਤੀ ਨਾ ਲਈ ਜਾਵੇ। ਸੁਪਰੀਮ ਕੋਰਟ ਦੀ ਇਹ ਟਿੱਪਣੀ ਇਸ ਲਈ ਵੀ ਬੜੀ ਅਹਿਮ ਹੈ ਕਿ ਪਿੱਛੇ ਜਿਹੇ ਪੰਜਾਬ, ਪੱਛਮੀ ਬੰਗਾਲ, ਰਾਜਸਥਾਨ, ਮਹਾਰਾਸ਼ਟਰ, ਝਾਰਖੰਡ ਤੇ ਛੱਤੀਸਗੜ੍ਹ ਦੀਆਂ ਰਾਜ ਸਰਕਾਰਾਂ ਨੇ ਸੀ ਬੀ ਆਈ ਨੂੰ ਦਿੱਤੀ ਗਈ ਪਹਿਲਾਂ ਦੀ ਆਪਣੀ ਆਮ ਸਹਿਮਤੀ ਦਾ ਫੈਸਲਾ ਵਾਪਸ ਲੈ ਲਿਆ ਹੈ।


# ਭਾਰਤ ਦੇ 500 ਕਿਸਾਨ ਸੰਗਠਨਾਂ ਵੱਲੋਂ 26-27 ਨਵੰਬਰ ਨੂੰ ਹਰ ਹਾਲਤ ਅੰਦੋਲਨ ਦਾ ਐਲਾਨ

ਚੰਡੀਗੜ੍ਹ, 19 ਨਵੰਬਰ, (ਪੋਸਟ ਬਿਊਰੋ)-ਭਾਰਤ ਦੀਆਂ 500 ਕਿਸਾਨ ਜਥੇਬੰਦੀਆਂ ਨੇ ਅੱਜ ਚੰਡੀਗੜ੍ਹ ਵਿੱਚ ਮੀਟਿੰਗ ਕਰਕੇ 26 ਅਤੇ 27 ਨਵੰਬਰ ਨੂੰ ਹਰ ਹੀਲੇ ਦਿੱਲੀ ਜਾਣਅਤੇ ਅੰਦੋਲਨ ਕਰਨ ਦਾ ਪ੍ਰਣ ਲਿਆ ਹੈ। ਕਿਸਾਨਾਂ ਨੇ ਇੱਕ ਵਾਰ ਫੇਰ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਡੱਟ ਕੇ ਮੁਕਾਬਲਾ ਕਰਨ ਦਾ ਐਲਾਨ ਕੀਤਾ ਹੈ।

ਇਸ ਮੌਕੇ ਕਿਸਾਨ ਸੰਗਠਨਾਂ ਵੱਲੋਂ ਯੋਗੇਂਦਰ ਯਾਦਵ ਨੇ ਕਿਹਾ ਕਿ ਜਨਤਾ ਸਾਡੇ ਅੰਦੋਲਨ ਦਾ ਸਹਿਯੋਗ ਕਰ ਰਹੀ ਤੇ ਉਦਯੋਗਪਤੀਆਂ ਦੇ ਅਡਾਨੀ ਅਤੇ ਅਬਾਨੀ ਗਰੁੱਪਾਂ ਦਾ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 26 ਅਤੇ 27 ਨਵੰਬਰ ਨੂੰ ਕਿਸਾਨਾਂ ਦੇ ਕਾਫਲੇ ਦਿੱਲੀ ਜਾਣਗੇ।ਯੋਗੇਂਦਰ ਯਾਦਵ ਨੇ ਕਿਹਾ ਕਿ ਦਿੱਲੀ ਜਾਂਦੇ ਹੋਏ ਕਿਸਾਨਾਂ ਨੂੰ ਜਿੱਥੇ ਰੋਕਿਆ ਜਾਏਗਾ, ਉਹ ਓਥੇ ਹੀ ਅਣਮਿੱਥੇ ਸਮੇਂ ਦਾ ਧਰਨਾ ਲਾ ਦੇਣਗੇ। ਅੱਜ ਵੀਰਵਾਰ ਨੂੰ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਵਿੱਚ ਐਲਾਨ ਕੀਤਾ ਗਿਆ ਹੈ ਕਿ ਅਗਲਾ ਮੋਰਚਾ 'ਸੰਯੁਕਤ ਕਿਸਾਨ ਮੋਰਚਾ' ਦੇ ਝੰਡੇ ਹੇਠ ਲਾਇਆ ਜਾਵੇਗਾ।

ਇੱਕ ਕਿਸਾਨ ਆਗੂ ਨੇ ਕਿਹਾ ਕਿ 26 ਨਵੰਬਰ ਨੂੰ ਸਾਡਾ ਮੋਰਚਾ ਸ਼ੁਰੂ ਹੋਵੇਗਾ, ਖ਼ਤਮ ਹੋਣ ਦੀ ਤਰੀਕ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਦਿੱਲੀ ਵਿੱਚ ਅਸੀਂ ਪੰਜ ਰਸਤਿਆਂ ਤੋਂ ਦਾਖਲ ਹੋਵਾਂਗੇ। ਜੇ ਸਾਨੂੰ ਰੋਕਿਆ ਗਿਆ ਤਾਂ ਅਸੀਂ ਪੰਜੇ ਰਸਤੇ ਅਣਮਿੱਥੇ ਸਮੇਂ ਲਈ ਬੰਦ ਕਰ ਦਿਆਂਗੇ।

ਵਰਨਣ ਯੋਗ ਹੈ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫਪੰਜਾਬ ਦੇ ਕਿਸਾਨਬੀਤੇ ਕਰੀਬ ਦੋ ਮਹੀਨਿਆਂ ਤੋਂ ਧਰਨੇ ਉੱਤੇ ਬੈਠੇ ਹਨ। ਇਸ ਦੌਰਾਨ ਕਿਸਾਨਾਂ ਦੀ ਕੇਂਦਰ ਸਰਕਾਰ ਨਾਲ ਇੱਕ ਬੈਠਕ ਵੀ ਹੋਈ ਸੀ, ਜਿਸ ਵਿੱਚਕੋਈ ਸਹਿਮਤੀ ਨਹੀਂ ਸੀ ਬਣ ਸਕੀ। ਕੇਂਦਰੀ ਮੰਤਰੀਆਂ ਨਾਲ ਬੇਨਤੀਜਾ ਰਹੀ ਇਸ ਮੀਟਿੰਗ ਪਿੱਛੋਂ ਦੇਸ਼ ਦੇ ਕਿਸਾਨ ਸੰਗਠਨਾਂ ਨੇ ਚੰਡੀਗੜ੍ਹ ਵਿੱਚਕੀਤੀ ਉੱਚ ਪੱਧਰੀ ਮੀਟਿੰਗ ਵਿੱਚ ਦਿੱਲੀ ਜਾਣ ਲਈ ਰਣਨੀਤੀ ਬਣਾਈ ਹੈ।

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
647.539.3020
You only pay upon settlement
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਸੰਪਾਦਕੀ

## ਬਰੈਂਪਟਨ/ਕੋਵਿਡ 19 = ਸੰਘਰਸ਼ = ਬਦਨਾਮੀ

ਬਰੈਂਪਟਨ ਮਨੁੱਖੀ ਜਜ਼ਬੇ ਨਾਲ ਭਰਿਆ ਇੱਕ ਉਦਾਸ ਸ਼ਹਿਰ ਹੈ। ਇਸਦੀ ਉਦਾਸੀ ਦਾ ਕਾਰਣ ਫੈਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਸਰਕਾਰਾਂ, ਮੁੱਖ ਧਾਰਾ ਦੇ ਮੀਡੀਆ ਦਾ ਇੱਥੇ ਮੌਲਦੇ ਜੀਵਨ ਨਾਲੋਂ ਤੋੜ ਵਿਛੋੜਾ ਹੈ। ਕੋਵਿਡ 19 ਦੀ ਦਿਨ ਬ ਦਿਨ ਬਦਤਰ ਹੁੰਦੀ ਜਾ ਰਹੀ ਸਥਿਤੀ ਨੇ ਇਸਦੀ ਉਦਾਸੀ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਅੱਜ ਹਾਲਾਤ ਇਹ ਹਨ ਕਿ ਮੁੱਖ ਧਾਰਾ ਵਿੱਚ ਕੋਵਿਡ 19 ਨੂੰ ਬਦਨਾਮ ਕਰਨ ਦੀ ਥਾਂ ਬਰੈਂਪਟਨ ਵਾਸੀਆਂ ਨੂੰ ਦੋਸ਼ ਪੂਰਣ ਨਜ਼ਰਾਂ ਨਾਲ ਵੇਖਿਆ ਜਾ ਰਿਹਾ ਹੈ। ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਇਸ ਸ਼ਹਿਰ ਵਿੱਚ ਕੋਵਿਡ 19 ਟੈਸਟਿੰਗ ਦੀਆਂ ਸਹੂਲਤਾਂ ਬਾਕੀ ਕੈਨੇਡੀਅਨ ਸ਼ਹਿਰਾਂ ਨਾਲੋਂ ਤਾਂ ਘੱਟ ਹੋਣੀ ਹੀ ਸੀ ਸਗੋਂ ਇਸਦੇ ਚਚੇਰੇ ਮਸੇਰੇ ਲੱਗਦੇ ਸ਼ਹਿਰਾਂ ਮਿਸੀਸਾਗਾ, ਨੌਰਥ ਯੌਰਕ ਨਾਲੋਂ ਵੀ ਕਿਤੇ ਘੱਟ ਹੈ! ਬਰੈਂਟਨ ਦੇ L6P ਪੋਸਟਲ ਕੋਡ ਇਲਾਕੇ (ਏਅਰਪੋਰਟ ਰੋਡ, ਕੁਈਨ) ਵਿੱਚ ਕੋਵਿਡ 19 ਟੈਸਟ ਕਰਨ ਵਾਲਿਆਂ ਵਿੱਚੋਂ 19% ਦਾ ਨਤੀਜਾ ਪੌਜ਼ਿਟਿਵ ਆਉਣ ਦੀ ਖ਼ਬਰ ਦਾ ਜੰਗਲ ਦੀ ਅੱਗ ਵਾਗੂੰ ਸਮੁੱਚੇ ਕੈਨੇਡਾ ਵਿੱਚ ਫੈਲ ਚੁੱਕੀ ਹੈ। ਇੱਕ ਪੱਖ ਤੋਂ ਇਹ ਚੰਗੀ ਗੱਲ ਹੈ ਕਿ ਫੈਡਰਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਸਿਹਤ ਸਮੱਸਿਆ ਵੱਲ ਧਿਆਨ ਦੇ ਸਕਦੀਆਂ ਹਨ। ਇਸ ਵਾਸਤੇ ਖੋਜ ਕਰਨ ਵਾਲੀ ਸੰਸਥਾ ICES ਦਾ ਧੰਨਵਾਦ ਕਰਨਾ ਬਣਦਾ ਹੈ।

2016 ਵਿੱਚ ਗਲੋਬ ਐਂਡ ਮੇਲ ਨੇ 3 ਜੂਨ 2016 ਨੂੰ 'How Brampton, a town in suburban Ontario, was dubbed a ghetto' ਸਿਰਲੇਖ ਤਹਿਤ ਆਰਟੀਕਲ ਲਿਖਿਆ ਸੀ। ਆਖਦੇ ਹਨ ਕਿ ਇੱਕ ਤਸਵੀਰ ਹਜ਼ਾਰਾਂ ਸ਼ਬਦਾਂ ਬਰਾਬਰ ਹੁੰਦੀ ਹੈ। ਇਸ ਆਰਟੀਕਲ ਦੀ ਮੁੱਖ ਤਸਵੀਰ ਵਿੱਚ ਸਾਊਥ ਏਸ਼ੀਅਨ ਮੂਲ ਦੀ ਲੇਖਕਾ ਦੇ ਨਾਲ ਇੱਕ ਸਰਦਾਰ ਜੀ ਨੂੰ ਸਾਈਕਲ ਉੱਤੇ ਜਾਂਦੇ ਵਿਖਾਇਆ ਹੈ ਅਤੇ ਪਿੱਠ ਭੂਮੀ ਵਿੱਚ ਗੁਰਦੁਆਰਾ ਸਾਹਿਬ ਦੀ ਸਫੈਦ ਇਮਾਰਤ ਸਾਫ਼ ਨਜ਼ਰ ਆ ਰਹੀ ਹੈ। ਗੁਰਦੁਆਰਾ ਸਾਹਿਬ, ਦਸਤਾਰਧਾਰੀ ਸਿੱਖ ਅਤੇ ਸਾਈਕਲ ਅਜਿਹੀ ਬਿੰਬ ਪੇਸ਼ ਕਰਦੇ ਹਨ ਕਿ ਬਰੈਂਪਟਨ ਨੂੰ 'ਬਰੈਮਲਾਦੇਸ਼' ਜਾਂ ਸਿੰਘਡੇਲ ਜਾਂ ਬਰਾਊਨ ਟਾਊਨ ਦੀਆਂ ਸੰਗਿਆਵਾਂ ਨੂੰ ਸਮਝਣ ਵਿੱਚ ਕੋਈ ਮੁਸ਼ਕਲ ਨਾ ਆਵੇ। ਇਹ ਆਰਟੀਕਲ ਐਨੇ ਸੰਜੀਦਾ ਢੰਗ ਨਾਲ ਲਿਖਿਆ ਗਿਆ ਸੀ ਕਿ ਲਿਖਣ ਵਾਲੇ ਨੇ ਸਾਰੇ ਨਿਸ਼ਾਨੇ ਸੇਧ ਕੇ ਵੀ ਇਹ ਪ੍ਰਭਾਵ ਨਹੀਂ ਦਿੱਤਾ ਕਿ ਕਿਸੇ ਵਿਸ਼ੇਸ਼ ਕਮਿਉਨਿਟੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਤਾਕਤਵਰ ਮੀਡੀਆ, ਵੱਡੇ ਪੱਧਰ ਦੇ ਆਗੂਆਂ ਅਤੇ ਵੱਡੀਆਂ ਸੰਸਥਾਵਾਂ ਕੋਲ ਸ੍ਰੋਤ ਅਤੇ ਸਲੀਕੇ ਹੁੰਦੇ ਹਨ ਜਿਹਨਾਂ ਸਦਕਾ ਉਹ ਹੋਣੀ ਨੂੰ ਅਣਹੋਣੀ ਕਰਨ ਦਾ ਜਾਦੂ ਕਰ ਸਕਦੇ ਹਨ ਪਰ ਇਹ ਜਾਦੂ ਸਾਧਾਰਨ ਬਰੈਂਪਟਨ ਵਾਸੀਆਂ ਕੋਲ ਕਿੱਥੋਂ ਆਵੇ। ਬਰੈਂਪਟਨ ਦੇ ਬਹੁ ਗਿਣਤੀ ਰੰਗਦਾਰ ਲੋਕ ਉਹ ਜੌਬਾਂ ਕਰਦੇ ਹਨ ਜਿਹਨਾਂ ਨੂੰ ਕਰਨ ਵਾਸਤੇ ਕੋਵਿਡ ਤੋਂ ਬਚਣ ਲਈ ਸੁਰੱਖਿਆ ਕਾਇਮ ਰੱਖਣੀ ਸੰਭਵ ਨਹੀਂ ਹੈ। ਕੈਨੇਡਾ ਵਿੱਚ ਸੱਭ ਤੋਂ ਵੱਧ ਗਿਣਤੀ ਵਿੱਚ ਟਰੱਕ ਡਰਾਈਵਰ ਅਤੇ ਟੈਕਸੀ ਡਰਾਈਵਰ ਬਰੈਂਪਟਨ ਸੱਭ ਤੋਂ ਵੱਧ ਪਾਏ ਜਾਂਦੇ ਹਨ। ਵੇਅਰਹਾਊਸਾਂ ਵਿੱਚ ਕੰਮ ਕਰਨ ਵਾਲੇ ਵਰਕਰ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਬਰੈਂਪਟਨ ਵਿੱਚ ਬਾਕੀ ਕੈਨੇਡਾ ਨਾਲੋਂ ਕਿਤੇ ਵੱਧ ਪਾਏ ਜਾਂਦੇ ਹਨ। ਪਿਛਲੇ 10 ਸਾਲਾਂ ਵਿੱਚ ਬਰੈਂਪਟਨ ਕੈਨੇਡਾ ਦੀ ਲੌਜਿਸਟਿਕਸ ਹੱਬ ਵਜੋਂ ਉਭਰਿਆ ਹੈ। ਕੀ ਇਹ ਅਜੀਬ ਨਹੀਂ ਕਿ ਕੋਵਿਡ 19 ਦੇ ਚੱਲਦੇ ਜਾਨ ਜੋਖ਼ਮ ਵਿੱਚ ਪਾ ਕੇ ਸੇਵਾ ਕਰਨ ਵਾਲੇ ਫਰੰਟ ਲਾਈਨ ਵਰਕਰਾਂ ਦੀ ਕੈਨੇਡਾ ਭਰ ਵਿੱਚ ਜੈ-ਜੈ ਕਾਰ ਕੀਤੀ ਜਾ ਰਹੀ ਹੈ ਪਰ ਬਰੈਂਪਟਨ ਵਿੱਚ ਉਹ ਨਿਸ਼ਾਨੇ ਉੱਤੇ ਹਨ।

ਫੈਡਰਲ ਸਰਕਾਰ ਵੱਲੋਂ ਸਥਾਨਕ ਕਮਿਉਨਿਟੀਆਂ ਨੂੰ ਕੋਵਿਡ 19 ਨਾਲ ਲੜਨ ਵਾਸਤੇ 350 ਮਿਲੀਅਨ ਡਾਲਰ Emergency Community Support Fund ਦਾ ਐਲਾਨ ਕੀਤਾ ਗਿਆ ਸੀ ਜਿਸਨੂੰ ਯੂਨਾਈਟਡ ਵੇਅ ਰਾਹੀਂ ਤਕਸੀਮ ਕੀਤਾ ਗਿਆ। ਬਰੈਂਪਟਨ ਲਈ ਕੰਮ ਕਰਨ ਵਾਲੀ ਯੂਨਾਈਟਡ ਵੇਅ ਦੀ ਇਕਾਈ ਨੇ ਖੁਦ ਕਬੂਲ ਕੀਤਾ ਹੈ ਕਿ ਸਾਊਥ ਏਸ਼ੀਅਨ ਕਮਿਉਨਿਟੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਹ ਫੰਡ ਤਕਸੀਮ ਨਹੀਂ ਕਰ ਸਕੇ। ਕੀ ਇਹ ਕਮਿਉਨਿਟੀ ਦਾ ਕਸੂਰ ਹੈ ਕਿ ਉਸ ਕੋਲ ਮਿਲਦੀ ਸਹਾਇਤਾ ਦਾ ਲਾਭ ਲੈਣ ਦੀ ਸਮਰੱਥਾ ਨਹੀਂ ਹੈ? ਬਰੈਂਪਟਨ ਦੇ ਐਮ ਪੀ ਇੰਝ ਚੁੱਪ ਹਨ ਜਿਵੇਂ ਮੂੰਹ ਵਿੱਚ ਘੁੰਗਣੀਆਂ ਪਾਈਆਂ ਹੋਣ।

ਬਰੈਂਪਟਨ ਵਾਸੀ ਇਸ ਲਈ ਉਦਾਸ ਨਹੀਂ ਕਿ ਉਹ ਕੋਵਿਡ 19 ਨਾਲ ਬਾਕੀ ਕੈਨੇਡਾ ਵਾਸੀਆਂ ਨਾਲੋਂ ਵੱਧ ਨਫ਼ਰੀ ਵਿੱਚ ਜੂਝ ਰਹੇ ਹਨ। ਇਸ ਪੱਖ ਤੋਂ ਤਾਂ ਸ਼ਹਿਰ ਦੇ ਬਹਾਦਰ ਲੋਕ ਜੇਤੂ ਹੋ ਨਿਕਲਣਗੇ ਪਰ ਇੱਕ ਵਿਸ਼ੇਸ਼ ਕਮਿਉਨਿਟੀ ਨੂੰ ਬੇਸਹਾਰਾ ਛੱਡ ਬਦਨਾਮ ਕਰਨ ਦੀ ਗੱਲ ਨੂੰ ਨਾ ਉਹ ਬਰਦਾਸ਼ਤ ਕਰ ਪਾ ਰਹੇ ਹਨ ਅਤੇ ਨਾ ਹੀ ਇਸ ਬਦਨਾਮੀ ਤੋਂ ਖਹਿੜਾ ਛੁਡਾਉਣ ਲਈ ਉਹਨਾਂ ਕੋਲ ਬਣਦੇ ਸਾਧਨ ਹਨ। ਹਾਂ ਐਨਾ ਜਰੂਰ ਹੈ ਕਿ 2016 ਵਿੱਚ ਗਲੋਬ ਐਂਡ ਮੇਲ ਨੇ ਗੁਰਦੁਆਰਾ ਸਾਹਿਬ ਦੀ ਸਫੈਦ ਇਮਾਰਤ ਪਿੱਠਭੂਮੀ ਵਿੱਚ ਵਿਖਾਈ ਸੀ ਅਤੇ 12 ਨਵੰਬਰ 2020 ਨੂੰ ਬਰੈਂਪਟਨ ਦੀ ਗੱਲ ਕਰਨ ਲਈ ਇਸੇ ਗੁਰਦੁਆਰਾ ਸਾਹਿਬ ਦੀ ਪੂਰੀ ਸਪੱਸ਼ਟ ਫੋਟੋ ਨਾਲ ਗੱਲ ਆਰੰਭ ਕੀਤੀ ਹੈ। ਗਲੋਬ ਐਂਡ ਮੇਲ ਦਾ ਜ਼ਿਕਰ ਇੱਕ ਮਿਸਾਲ ਹੈ ਨਿਸ਼ਾਨਾ ਨਹੀਂ।

# ਫੋਰਡ ਸਰਕਾਰ ਨੇ ਕੋਵਿਡ-19 ਦੇ ਸਬੰਧ ਵਿੱਚ ਸ਼ੁਰੂ ਕੀਤੀ ਜਾਗਰੂਕਤਾ ਮੁਹਿੰਮ

...ਪੰਨਾ 1 ਦਾ ਬਾਕੀ

ਇਸ ਦਾ ਮੁਆਇਨਾ ਕਰਨ ਲਈ ਫੋਰਡ ਸਰਕਾਰ ਦੇ ਅਧਿਕਾਰੀਆਂ ਵੱਲੋਂ 1000 ਕੰਮ ਵਾਲੀਆਂ ਥਾਵਾਂ ਦਾ ਦੌਰਾ ਕੀਤਾ ਜਾ ਚੁੱਕਿਆ ਹੈ। ਫੋਰਡ ਨੇ ਸਵੀਕਾਰ ਕੀਤਾ ਕਿ ਬਹੁਤੇ ਬਿਜ਼ਨਸਮੈਨ ਤੇ ਆਪਰੇਟਰਜ਼ ਦਾ ਇਨ੍ਹਾਂ ਨਿਯਮਾਂ ਪ੍ਰਤੀ ਰਵੱਈਆ ਸਕਾਰਾਤਮਕ ਹੈ। ਫੋਰਡ ਨੇ ਆਖਿਆ ਕਿ ਨਿਯਮ ਤੋੜਨ ਵਾਲਿਆਂ ਨਾਲ ਕੋਈ ਰਿਆਇਤ ਨਹੀਂ ਕੀਤੀ ਜਾਵੇਗੀ ਤੇ ਇਸ ਲਈ ਸਖ਼ਤੀ ਕੀਤੀ ਜਾਣੀ ਜ਼ਰੂਰੀ ਹੈ।

ਜਿਹੜੇ ਨਿਯਮਾਂ ਦੀ ਉਲੰਘਣਾ ਜਾਣਬੁੱਝ ਕੇ ਕਰਦੇ ਹਨ ਉਨ੍ਹਾਂ ਖਿਲਾਫ ਕਾਰਵਾਈ ਕਰਨ ਵਿੱਚ ਸਾਨੂੰ ਵੀ ਹਿਚਕਿਚਾਹਟ ਨਹੀਂ ਹੋਵੇਗੀ। ਅਸੀਂ ਅਜਿਹੇ ਕਾਰੋਬਾਰੀ ਅਦਾਰਿਆਂ ਨੂੰ ਬੰਦ ਕਰਨ ਵਿੱਚ ਦੇਰ ਨਹੀਂ ਲਾਵਾਂਗੇ। ਇੱਥੇ ਦੱਸਣਾ ਬਣਦਾ ਹੈ ਕਿ ਕਈ ਤੈਅਸ਼ੁਦਾ ਲੋਕੇਸ਼ਨਜ਼ ਉੱਤੇ ਕੈਂਪੇਨ ਚਲਾਈ ਜਾ ਰਹੀ ਹੈ। ਇਸ ਦੌਰਾਨ ਵੱਖ ਵੱਖ ਮੰਤਰਾਲਿਆਂ ਦੇ 200 ਦੇ ਨੇੜੇ ਤੇੜੇ ਪ੍ਰੋਵਿੰਸ਼ੀਅਲ ਅਫੈਂਸਿਜ਼ ਆਫੀਸਰਜ਼ ਦੀ ਟੀਮ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਨਿਯਮਾ ਦੀ ਉਲੰਘਣਾਂ ਕਰਨ ਵਾਲੇ ਵਿਅਕਤੀਆਂ ਨੂੰ 750 ਡਾਲਰ ਤੋਂ ਲੈ ਕੇ 100,000 ਡਾਲਰ ਦਾ ਜ਼ੁਰਮਾਨਾ ਕੀਤਾ ਜਾ ਸਕਦਾ ਹੈ ਜਦਕਿ ਕਿਸੇ ਕਾਰਪੋਰੇਸ਼ਨ ਨੂੰ ਅਜਿਹਾ ਕਰਨ ਦੀ ਸੂਰਤ ਵਿੱਚ 10 ਮਿਲੀਅਨ ਡਾਲਰ ਤੱਕ ਦਾ ਜ਼ੁਰਮਾਨਾ ਕੀਤਾ ਜਾ ਸਕਦਾ ਹੈ।

# ਸਰਹੱਦੀ ਪਾਬੰਦੀਆਂ ਦਸੰਬਰ ਦੇ ਅੰਤ ਤੱਕ ਜਾਰੀ ਰਹਿਣ ਦੀ ਸੰਭਾਵਨਾ

...ਪੰਨਾ 1 ਦਾ ਬਾਕੀ

ਇੱਥੇ ਦੱਸਣਾ ਬਣਦਾ ਹੈ ਅਜੇ ਵੀ ਅਮਰੀਕਾ ਵਿੱਚ ਕੋਵਿਡ-19 ਦੇ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ ਤੇ ਲੋਕਾਂ ਨੂੰ ਹਸਪਤਾਲਾਂ ਵਿੱਚ ਭਰਤੀ ਕਰਵਾਉਣ ਦੀ ਦਰ ਵੀ ਕਾਫੀ ਜ਼ਿਆਦਾ ਹੈ ਤੇ ਉੱਥੇ ਮਰਨ ਵਾਲਿਆਂ ਦੀ ਗਿਣਤੀ 250,00 ਤੱਕ ਅੱਪੜਣ ਵਾਲੀ ਹੈ।

ਇਹ ਪਾਬੰਦੀਆਂ ਉਨ੍ਹਾਂ ਲਈ ਨਹੀਂ ਹਨ ਜਿਹੜੇ ਜ਼ਰੂਰੀ ਵਸਤਾਂ ਦੀ ਸਪਲਾਈ ਸਰਹੱਦੋਂ ਆਰ ਪਾਰ ਲਿਜਾਂਦੇ ਹਨ, ਅਸੈਂਸ਼ੀਅਲ ਸੇਵਾਵਾਂ ਦਿੰਦੇ ਹਨ ਤੇ ਇਨ੍ਹਾਂ ਵਿੱਚ ਟਰੱਕਰਜ਼ ਦੇ ਨਾਲ ਨਾਲ ਹੌਸਪਿਟਲ ਸਟਾਫ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਕੈਨੇਡਾ ਵੱਲੋਂ ਐਕਸਟੈਂਡਿਡ ਫੈਮਿਲੀ ਮੈਂਬਰਾਂ ਨੂੰ ਮੁੜ ਇੱਕ ਦੂਜੇ ਨਾਲ ਮਿਲਾਉਣ ਦੇ ਯਤਨਾਂ ਨੂੰ ਤੇਜ਼ ਕਰਨ ਲਈ ਕੁੱਝ ਛੋਟ ਵੀ ਦਿੱਤੀ ਗਈ ਹੈ।

# ਵਰਵਰਾ ਰਾਓ ਨੂੰ ਹਸਪਤਾਲ ਭੇਜਣ ਲਈ ਮਹਾਰਾਸ਼ਟਰ ਸਰਕਾਰ ਮੰਨੀ

ਮਹਾਰਾਸ਼ਟਰ, 19 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਸਰਕਾਰ ਜੇਲ੍ਹ ਵਿੱਚ ਬੰਦ ਕਵੀ-ਕਾਰਕੁੰਨ ਵਰਵਰਾ ਰਾਓ ਨੂੰ 15 ਦਿਨਾਂ ਲਈ ਇਲਾਜ ਵਾਸਤੇ ਇੱਥੋਂ ਦੇ ਨਾਨਾਵਤੀ ਹਸਪਤਾਲ 'ਚ ਭੇਜਣਾ ਮੰਨ ਗਈ ਹੈ।

ਬੰਬੇ ਹਾਈ ਕੋਰਟ ਦੇ ਜਸਟਿਸ ਐਸ ਐਸ ਸ਼ਿੰਦੇ ਅਤੇ ਜਸਟਿਸ ਮਾਧਵ ਜਾਮਦਾਰ ਦੇ ਬੈਂਚ ਵੱਲੋਂ ਦਖਲ ਦੇਣ ਪਿੱਛੋਂ ਰਾਜ ਸਰਕਾਰ ਨੇ ਕਿਹਾ ਕਿ ਉਹ ਵਰਵਰਾ ਰਾਓ (91) ਨੂੰ 'ਸਪੈਸ਼ਲ ਕੇਸ' ਤਹਿਤ ਨਾਨਾਵਤੀ ਹਸਪਤਾਲ 'ਚ ਤਬਦੀਲ ਕਰੇਗੀ। ਵਰਵਰਾ ਰਾਓ ਨੂੰ ਐਲਗਾਰ ਪ੍ਰੀਸ਼ਦ ਦੇ ਸਮਾਗਮ ਵਿੱਚ ਹਿੱਸਾ ਲੈਣ ਤੇ ਮਾਓਵਾਦੀਆਂ ਨਾਲ ਸਬੰਧਾਂ ਦੇ ਦੋਸ਼ ਹੇਠ ਫੜਿਆ ਗਿਆ ਸੀ ਅਤੇ ਉਹ ਨਵੀਂ ਮੁੰਬਈ ਦੀ ਤਾਲੋਜਾ ਜੇਲ੍ਹ ਵਿੱਚ ਬੰਦ ਹਨ। ਮਹਾਰਾਸ਼ਟਰ ਸਰਕਾਰ ਦੇ ਵਕੀਲ ਦੀਪਕ ਠਾਕਰੇ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ ਰਾਜ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਤੋਂ ਨਿਰਦੇਸ਼ ਮਿਲੇ ਹਨ ਕਿ ਰਾਓ ਨੂੰ ਨਾਨਾਵਤੀ ਹਸਪਤਾਲ ਵਿੱਚ ਤਬਦੀਲ ਕਰਨ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਅਦਾਲਤ ਨੇ ਹਦਾਇਤ ਕੀਤੀ ਕਿ ਰਾਓ ਦੇ ਇਲਾਜ ਦਾ ਖਰਚਾ ਸੂਬਾ ਸਰਕਾਰ ਸਹਿਣ ਕਰੇ। ਕੋਰਟ ਨੇ ਇਹ ਵੀ ਹਦਾਇਤ ਕੀਤੀ ਕਿ ਅਦਾਲਤ ਨੂੰ ਦੱਸੇ ਬਿਨਾਂ ਰਾਓ ਨੂੰ ਹਸਪਤਾਲ ਤੋਂ ਛੁੱਟੀ ਨਾ ਦਿੱਤੀ ਜਾਵੇ। ਬੈਂਚ ਨੇ ਕਿਹਾ ਕਿ ਉਨ੍ਹਾਂ ਦੀਆਂ ਸਭ ਮੈਡੀਕਲ ਰਿਪੋਰਟਾਂ ਅਦਾਲਤ ਕੋਲ ਪੇਸ਼ ਕੀਤੀਆਂ ਜਾਣ ਅਤੇ ਰਾਓ ਦੇ ਪਰਵਾਰਕ ਮੈਂਬਰਾਂ ਨੂੰ ਹਸਪਤਾਲ ਵਿੱਚ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ।ਬੈਂਚ ਨੇ ਰਾਓ ਦੀ ਪਤਨੀ ਹੇਮਲਤਾ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਜਾਰੀ ਕੀਤੇ। ਵਰਵਰਾ ਰਾਓ ਵੱਲੋਂ ਪੇਸ਼ ਹੋਈ ਵਕੀਲ ਇੰਦਰਾ ਜੈਸਿੰਘ ਨੇ ਕਿਹਾ ਕਿ ਰਾਓ ਦੀ ਯਾਦਾਸ਼ਤ ਕਮਜ਼ੋਰ ਹੋ ਗਈ ਹੈ ਤੇ ਜੇਲ੍ਹ 'ਚ ਉਨ੍ਹਾਂ ਨੂੰ ਇਨਫੈਕਸ਼ਨ ਹੋਣ ਪਿੱਛੋਂ ਸਿਹਤ ਵਿਗੜਦੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਰਾਓ ਨੂੰ ਫੌਰੀ ਇਲਾਜ ਦੀ ਲੋੜ ਹੈ ਅਤੇ ਉਨ੍ਹਾਂ ਦਾ ਤਾਲੋਜਾ ਜੇਲ੍ਹ ਦੇ ਹਸਪਤਾਲ 'ਚ ਇਲਾਜ ਨਹੀਂ ਹੋ ਸਕਦਾ। ਇਸ 'ਤੇ ਬੈਂਚ ਨੇ ਸੂਬਾ ਸਰਕਾਰ ਅਤੇ ਐਨ ਆਈ ਏ ਨੂੰ ਕਿਹਾ ਕਿ ਦਸਿਆ ਜਾਂਦਾ ਵਿਅਕਤੀ ਮਰਨ ਕਿਨਾਰੇ ਹੈ ਅਤੇ ਉਸ ਨੂੰ ਇਲਾਜ ਦੀ ਲੋੜ ਹੈ ਤਾਂ ਕੀ ਸੂਬਾ ਸਰਕਾਰ ਆਖੇਗੀ ਕਿ ਉਹ ਤਾਲੋਜੀ ਵਿੱਚ ਹੀ ਉਸ ਦਾ ਇਲਾਜ ਕਰਨਗੇ। ਇਸ ਮਗਰੋਂ ਸੂਬਾ ਸਰਕਾਰ ਉਨ੍ਹਾਂ ਨੂੰ ਨਾਨਾਵਤੀ ਹਸਪਤਾਲ ਭੇਜਣ ਲਈ ਰਾਜ਼ੀ ਹੋ ਗਈ। ਹੁਣ ਇਸ ਮਾਮਲੇ 'ਤੇ ਅੱਗੇ ਤਿੰਨ ਦਸੰਬਰ ਨੂੰ ਸੁਣਵਾਈ ਹੋਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਮੈਨੀਟੂਲਿਨ ਆਈਲੈਂਡ ਉਤੇ ਵਾਪਰੀ ਘਟਨਾ ਵਿੱਚ ਗੋਲੀ ਲੱਗਣ ਕਾਰਨ ਪੁਲਿਸ ਅਧਿਕਾਰੀ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

ਇਸ ਘਟਨਾ ਵਿੱਚ ਮਾਰੇ ਗਏ ਪੁਲਿਸ ਅਧਿਕਾਰੀ ਦੀ ਪਛਾਣ 28 ਸਾਲਾ ਵੈਟਰਨ ਤੇ ਪ੍ਰੋਵਿੰਸ਼ੀਅਲ ਕਾਂਸਟੇਬਲ ਮਾਰਕ ਹੋਵਿੰਗ ਵਜੋਂ ਹੋਈ ਹੈ। ਓਪੀਪੀ ਦੇ ਕਮਿਸ਼ਨਰ ਥਾਮਸ ਕਾਰਿਕ ਨੇ ਆਖਿਆ ਕਿ ਆਪਣੀ ਡਿਊਟੀ ਕਰਦਿਆਂ ਹੋਇਆਂ ਸਾਡਾ ਪੁਲਿਸ ਅਧਿਕਾਰੀ ਜਾਨ ਉੱਤੇ ਖੇਡ ਗਿਆ। ਇਸ ਦੁੱਖ ਦੀ ਘੜੀ ਵਿੱਚ ਅਸੀਂ ਉਸ ਦੇ ਪਰਿਵਾਰ, ਦੋਸਤਾਂ ਤੇ ਸਹਿਯੋਗੀਆਂ ਨਾਲ ਖੜ੍ਹੇ ਹਾਂ।

ਇਸ ਦੌਰਾਨ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਵੀ ਹੋਵਿੰਗ ਦੀ ਮੌਤ ਉੱਤੇ ਦੁੱਖ ਦਾ ਪ੍ਰਗਟਾਵਾ ਕੀਤਾ। ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਇੱਕ ਬਿਆਨ ਜਾਰੀ ਕਰਕੇ ਪਰਿਵਾਰ ਤੇ ਓਪੀਪੀ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਕੰਗਣਾ ਰਣੌਤ ਤੇ ਰੰਗੋਲੀ ਨੂੰ ਮੁੰਬਈ ਪੁਲਸ ਦਾ ਤੀਜੀ ਵਾਰ ਸੰਮਨ

ਮੁੰਬਈ, 19 ਨਵੰਬਰ (ਪੋਸਟ ਬਿਊਰੋ)- ਮੁੰਬਈ ਪੁਲਸ ਨੇ ਕੱਲ੍ਹ ਬਾਲੀਵੁੱਡ ਅਦਾਕਾਰਾ ਕੰਗਣਾ ਰਣੌਤ ਤੇ ਉਸ ਦੀ ਭੈਣ ਰੰਗੋਲੀ ਚੰਦੇਲ ਨੂੰ ਫਿਰਕੂ ਤਣਾਅ ਫੈਲਾਉਣ ਲਈ ਸੋਸ਼ਲ ਮੀਡੀਆ 'ਤੇ ਇਤਰਾਜ਼ ਯੋਗ ਟਿੱਪਣੀਆਂ ਕਰਨ ਵਿਰੁੱਧ 23 ਤੇ 24 ਨਵੰਬਰ ਨੂੰ ਉਨ੍ਹਾਂ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ। ਵਰਨਣ ਯੋਗ ਹੈ ਕਿ ਮੁੰਬਈ ਪੁਲਸ ਨੇ ਇਸ ਮਾਮਲੇ 'ਚ ਬਾਂਦਰਾ ਪੁਲਸ ਸਾਹਮਣੇ ਪੇਸ਼ੀ ਲਈਕੰਗਣਾ ਨੂੰ ਤੀਸਰੀ ਵਾਰ ਕਿਹਾ ਹੈ। ਇਸ ਤੋਂ ਪਹਿਲਾਂ 26 ਤੇ 27 ਅਕਤੂਬਰ ਨੂੰ ਪੇਸ਼ੀ ਲਈ ਕਿਹਾ ਸੀ, ਪਰ ਉਹ ਪੇਸ਼ ਨਹੀਂ ਹੋਈ ਸੀ। ਫਿਰ ਕੰਗਣਾ ਨੂੰ 9 ਤੇ 10 ਨਵੰਬਰ ਨੂੰ ਪੇਸ਼ ਹੋਣ ਨੂੰ ਕਿਹਾ ਸੀ, ਪਰ ਉਹ ਪੇਸ਼ ਨਹੀਂ ਹੋਈ। ਕੰਗਣਾ ਨੇ ਪੁਲਸ ਨੂੰ ਕਿਹਾ ਸੀ ਕਿ ਉਹ ਆਪਣੇ ਪਰਵਾਰ 'ਚ ਵਿਆਹ ਹੋਣ ਕਰਕੇ ਪੇਸ਼ ਨਹੀਂ ਹੋ ਸਕਦੀ ਅਤੇ 15 ਨਵੰਬਰ ਤੋਂ ਬਾਅਦ ਆ ਸਕਦੀ ਹੈ। ਦੋਵੇਂ ਭੈਣਾਂ ਖ਼ਿਲਾਫ਼ ਸੋਸ਼ਲ ਮੀਡੀਆ ਰਾਹੀਂ ਫਿਰਕੂ ਤਣਾਅ ਫੈਲਾਉਣ ਦਾ ਕੇਸ ਦਰਜ ਹੈ। ਬਾਂਦਰਾ ਮੈਟਰੋਪੁਲਿਟਨ ਮੈਜਿਸਟਰੇਟ ਕੋਰਟ ਨੇ ਬਾਲੀਵੁੱਡ ਕਾਸਟਿੰਗ ਨਿਰਦੇਸ਼ਕ ਤੇ ਫਿਟਨੈਸ ਟ੍ਰੇਨਰ ਮੁਨੱਵਰ ਅਲੀ ਸਈਦ ਦੀ ਕੰਗਣਾ ਅਤੇ ਰੰਗੋਲੀ ਖ਼ਿਲਾਫ਼ ਸ਼ਿਕਾਇਤ ਦੀ ਜਾਂਚ ਲਈ ਪੁਲਸ ਨੂੰ ਕਿਹਾ ਸੀ। ਪੁਲਸ ਨੇ ਤੀਜੀ ਵਾਰ ਸੰਮਨ ਭੇਜ ਕੇ ਦੋਵਾਂ ਨੂੰ ਪੇਸ਼ੀ ਲਈ ਕਿਹਾ ਹੈ।

# ਕੈਨੇਡੀਅਨ ਪ੍ਰਧਾਨ ਮੰਤਰੀ ਨੇ ਦੀਵਾਲੀ 'ਤੇ ਦੀਵੇ ਰੌਸ਼ਨਾਏ







ਸੁਰਜੀਤ ਸਿੰਘ ਫਲੋਰਾ:

ਕੈਨੇਡਾ: ਦੀਵਾਲੀ ਦਾ ਤਿਉਹਾਰ ਜਿੱਥੇ ਭਾਰਤੀ ਭਾਈਚਾਰੇ ਵਲੋਂ ਦੇਸ਼ਾਂ-ਵਿਦੇਸ਼ਾਂ 'ਚ ਬੜੀ ਸ਼ਰਦਾ ਨਾਲ ਮਨਾਇਆ ਜਾਂਦਾ ਹੈ, ਉੱਥੇ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਦੀਵਾਲੀ ਨਾਲ ਸਬੰਧਿਤ ਇੱਕ ਫੋਟੋ ਕਾਫ਼ੀ ਵਾਈਰਲ ਹੋ ਰਹੀ ਹੈ, ਜਿਸ 'ਚ ਉਹ ਦੀਵਾਲੀ ਦੇ ਸੰਦਰਭ 'ਚ ਦੀਵੇ ਜਗਾ ਰਹੇ ਹਨ ਅਤੇ ਉਨ੍ਹਾਂ ਦੀ ਇਹ ਫੋਟੋ ਹੁਣ ਤੱਕ ਕਾਫ਼ੀ ਲੋਕੀ ਵੇਖ ਚੁੱਕੇ ਹਨ ਤੇ ਵੇਖ ਰਹੇ ਹਨ ਇਸ ਦੇ ਨਾਲ ਹੀ ਹੋਰਾਂ ਨਾਲ ਸ਼ੇਅਰ ਕਰ ਰਹੇ ਹਨ.

ਪ੍ਰਧਾਨ ਮੰਤਰੀ ਟਰੂਡੋ ਨੇ ਕੋਵਿਡ ਨਾਲ ਸੰਘਰਸ਼ ਕਰ ਰਹੇ ਹੋਣ ਕਾਰਨ ਸਭ ਨੂੰ ਆਪਣੇ ਅਜ਼ੀਜ਼ਾਂ ਨੂੰ ਸੁਰੱਖਿਅਤ ਰੱਖਣ ਲਈ ਦੀਵਾਲੀ ਦਾ ਤਿਉਹਾਰ ਵਰਚੁਅਲ ਤੌਰ 'ਤੇ ਇਕੱਠੇ ਹੋ ਕੇ ਮਨਾਉਣ ਲਈ ਪ੍ਰੇਰਤ ਕਰਦੇ ਹੋਏ ਦੀਵਾਲੀ ਦੀਆਂ ਮੁਬਾਰਕਾਂ ਦੇਣ ਲਈ ਸੰਦੇਸ਼ ਦਿੱਤਾ। ਇਸ ਦੇ ਨਾਲ ਹੀ ਟਰੂਡੋ ਨੇ ਕਿਹਾ ਕਿ ਦੀਵਾਲੀ ਸਾਨੂੰ ਸੱਚ, ਰੌਸ਼ਨੀ ਅਤੇ ਹਮੇਸ਼ਾ ਚੰਗਿਆਈ ਦੀ ਜਿੱਤ ਦੀ ਯਾਦ ਦਿਵਾਉਂਦੀ ਹੈ.

ਕੈਨੇਡਾ ਦੇ ਵਿੱਚ ਇਸ ਵੇਲੇ ਕੋਰੋਨਾ ਕਾਰਨ ਭਾਵੇਂ ਜਨਤਕ ਇਕੱਠਾਂ 'ਤੇ ਮੁਕੰਮਲ ਮਨਾਹੀ ਹੈ ਪਰ ਕੁਝ ਸ਼ਹਿਰਾਂ ਵਲੋਂ ਛੋਟੇ ਪਟਾਕੇ ਚਲਾਉਣ ਦੀ ਇਜ਼ਾਜਤ ਦਿੱਤੀ ਗਈ ਸੀ। ਪਰ ਕਈ ਲੋਕਾ ਨੇ ਇਸ ਦਾ ਗਲਤ ਫ਼ਾਇਦਾ ਉਠਾਉਂਦੇ ਹੋਏ ਵੱਡੇ ਭਾਰੀ ਅਵਾਜ਼ ਕਰਨ ਵਾਲੇ ਪਾਟਕੇ ਵੀ ਚਲਾਏ ਤੇ ਇਸ ਖੁਸ਼ੀ ਦੇ ਮੌਕੇ ਉਹਨਾਂ ਨੂੰ ਭਾਰੀ ਜ਼ੁਰਮਾਨੇ ਲਗਾਏ ਗਏ ਖ਼ਾਸਕਰ ਬਰੈਂਮਟਨ ਵਿਚ।

ਇਸ ਦੇ ਨਾਲ ਹੀ ਗੁਰੂਘਰਾਂ ਵਲੋਂ ਪੂਰੀ ਚੌਕਸੀ ਨਾਲ ਸੰਗਤਾਂ ਨੂੰ ਸਿਰਫ਼ ਨਤਮਸਤਕ ਹੋਣ ਤੱਕ ਕੋਵਿਡ ਕਰਕੇ ਗੁਰੂ ਦੇ ਦਰਸ਼ਨਾ ਤੱਕ ਹੀ ਇਕ ਪਾਸੇ ਦੀ ਜਾ ਕੇ ਦੂਜੇ ਦਰਵਾਜੇ ਰਾਂਹੀ ਬਾਹਰ ਜਾਣ ਤੱਕ ਹੀ ਸੀਮਤ ਰੱਖਿਆ। ਗਰੋਸਰੀ ਸਟੋਰਾਂ ਅਤੇ ਮਠਿਆਈ ਦੀਆਂ ਦੁਕਾਨਾਂ 'ਤੇ ਵੀ ਬਹੁਤ ਲੰਮੀਆਂ-ਲੰਮੀਆਂ ਲਾਈਨਾਂ ਦੇਖੀਆਂ ਗਈਆਂ ਤੇ ਸੋਸ਼ਲ ਡਿਸਟੈਂਸਟ ਤੇ ਫੇਸ ਮਾਸਕ ਦੀ ਉਲੰਘਨਾਂ ਕੀਤੀ ਗਈ। ਇਸ ਦੇ ਸਿਟੇ ਹੁਣ ਦੋ ਹਫ਼ਤੇ ਬਾਅਦ ਕੋਵਿਡ ਦੇ ਕੇਸਾਂ ਵਿਚ ਵਾਧੇ ਨਾਲ ਸਾਹਮਣੇ ਆਉਣਗੇ।

ਕਈ ਸੂਝਵਾਨਾਂ ਵਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਕੁੱਝ ਸ਼ਹਿਰਾਂ ਦੇ ਵਿੱਚ ਦੀਵਾਲੀ ਨੂੰ ਮਨਾਉਣ ਦੀ ਇਜ਼ਾਤ ਨਹੀਂ ਸੀ ਦੇਣੀ ਚਾਹਿੰਦੀ। ਪਰ ਕੁੱਝ ਲੋਕ ਕਾਨੂੰਨ ਦੀ ਪ੍ਰਵਾਹ ਕੀਤੇ ਬਿਨਾ ਨਿਯਮਾਂ ਦੀਆਂ ਧੱਜੀਆਂ ਉਡਾ ਦਿੰਦੇ ਹਨ ਜੋ ਹੋਰਾਂ ਲਈ ਵੀ ਮੁਸੀਬਤਾਂ ਖੜ੍ਹੀਆਂ ਕਰਦੇ ਹਨ।

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਛੇਵੀਂ ਵਿਸ਼ਵ ਪੰਜਾਬੀ ਕਾਨਫਰੰਸ ਹੁਣ ਤਿੰਨ ਦਿਨਾਂ ਲਈ 18 ਤੋਂ 20 ਜੂਨ ਤੱਕ ਹੋਵੇਗੀ

## ਪੰਜਾਬ ਯੂਨੀਵਰਸਿਟੀ ਲਾਹੌਰ, ਛੇਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਕਰੇਗੀ ਸ਼ਮੂਲੀਅਤ

## ਪੰਜਾਬੀ ਵਿਭਾਗ ਦੇ ਮੁੱਖੀ ਡਾ: ਨਬੀਲਾ ਰਹਿਮਾਨ ਹੋਣਗੇ ਕਾਨਫ਼ਰੰਸ ਦੇ ਚੇਅਰ ਪਰਸਨ ਅਤੇ ਯੂਨੀਵਰਸਿਟੀ ਦੇ ਵਾਈਸ ਕੰਟਰੋਲਰ ਅਤੇ ਪਹਿਲੇ ਸਿੱਖ ਅਫਸਰ ਪ੍ਰਸ਼ਾਂਤ ਸਿੰਘ ਹੋਣਗੇ ਵਿਸ਼ੇਸ਼ ਮਹਿਮਾਨ






ਟੋਰੌਂਟੋ (ਜਸਬੀਰ ਸਿੰਘ ਬੋਪਾਰਾਏ) ਅਦਾਰਾ ਅਜੀਤ ਅਤੇ ਕਲਮ ਫਾਉਡੇਸ਼ਨ ਦੇ ਸਰਪਰਸਤ ਸਵਰਗਵਾਸੀ ਡਾ: ਦਰਸ਼ਨ ਸਿੰਘ ਬੈਂਸ ਵੱਲੋਂ ਪੰਜਾਬੀ ਦੀ ਬਹਿਤਰੀ ਲਈ ਸ੍ਰੂ ਕੀਤੀ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦੀ ਲੜੀ ਨੂੰ ਅੱਗੇ ਤੋਰਦਿਆਂ 6ਵੀਂ ਕਾਨਫਰੰਸ, ਕਲਮ ਫਾਉਡੇਸ਼ਨ ਵੱਲੋਂ ਅਦਾਰਾ ਅਜੀਤ ਵੀਕਲੀ, ਦਰਸ਼ਨ ਟੀਵੀ, ਸਿੰਘ ਟਰੈਵਲ ਐਂਡ ਟੂਰਜ਼, ਗੁਰਧਾਮ ਯਾਤਰਾ ਐਂਡ ਸੇਵਾ ਸੁਸਾਇਟੀ ਕੈਨੇਡਾ, ਜੀਵਨ ਜਾਂਚ ਸੇਵਾ ਸੁਸਾਇਟੀ, ਚੜ੍ਹਦੀਕਲਾ ਗਰੁੱਪ, ਗਲੋਬਲ ਪੰਜਾਬ ਫਾਉਡੇਸ਼ਨ ਅਤੇ ਹੋਰ ਸਹਿਯੋਗੀ ਜਥੇਬੰਧੀਆਂ ਦੇ ਸਹਿਯੋਗ ਨਾਲ ਹੁਣ ਤਿੰਨ ਦਿਨਾਂ ਲਈ 18, 19 ਤੇ 20 ਜੂਨ 2021 ਨੂੰ ਬਰੈਪਟਨ ਸ਼ਹਿਰ ਵਿੱਚ ਹੋ ਰਹੀ ਹੈ। ਬੀਤੇ ਦਿਨੀ ਕਲਮ ਫ਼ਾਊਡੇਸ਼ਨ ਨੌਰਥ ਅਮਰੀਕਾ ਅਤੇ ਛੇਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਪ੍ਰਬੰਧਕਾਂ ਅਤੇ ਸਹਿਯੋਗੀ ਜਥੇਬੰਧੀਆਂ ਦੀ ਸਾਂਝੀ ਮੀਟਿੰਗ ਸਿੰਘ ਟਰੈਵਲ ਐਂਡ ਟੂਰਜ਼ ਦੇ ਦਫਤਰ ਵਿੱਚ ਬੀਬੀ ਕੰਵਲਜੀਤ ਕੌਰ ਬੈਂਸ ਦੀ ਸਰਪ੍ਰਸਤੀ ਅਤੇ

ਜਸਬੀਰ ਸਿੰਘ ਬੋਪਾਰਾਏ ਦੀ ਪ੍ਰਧਾਨਗੀ ਹੇਠ ਹੋਈ। ਸਰਪ੍ਰਸਤ ਬੀਬੀ ਕੰਵਲਜੀਤ ਕੌਰ ਬੈਂਸ ਨੇ ਕਿਹਾ ਕਿ ਪਿਛਲੇ ਦਿਨੀਂ ਉਹਨਾਂ ਦੀ ਲੰਮੀ ਚੌੜੀ ਗੱਲਬਾਤ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਵਿਭਾਗ ਦੇ ਮੁੱਖੀ ਡਾ: ਨਬੀਲਾ ਰਹਿਮਾਨ ਜੋ ਬਹੁਤ ਹੀ ਮਿਲਣਸਾਰ ਅਤੇ ਪਿਆਰੀ ਸਖਸ਼ੀਅਤ ਦੇ ਮਾਲਕ ਹਨ, ਨਾਲ ਕਾਨਫ਼ਰੰਸ ਨੂੰ ਵੱਡੇ ਪੱਧਰ ਤੇ ਕਾਮਯਾਬ ਕਰਨ ਦੇ ਸਬੰਧ ਵਿੱਚ ਹੋਈ। ਡਾ: ਨਬੀਲਾ ਰਹਿਮਾਨ 2009 ਤੋਂ ਹੀ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ ਭਾਗ ਲੈਂਦੇ ਆ ਰਹੇ ਹਨ ਤੇ ਅਗਲੇ ਸਾਲ 18 ਤੋਂ 20 ਜੂਨ 2021 ਵਿੱਚ ਹੋਣ ਵਾਲੀ ਕਾਨਫ਼ਰੰਸ ਵਿੱਚ ਵੀ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਵਿਭਾਗ ਦੇ ਮੁੱਖੀ ਡਾ: ਨਬੀਲਾ ਰਹਿਮਾਨ, ਕਾਨਫ਼ਰੰਸ ਦੇ ਚੇਅਰ ਪਰਸਨ ਵਜੋਂ ਆਪਣੇ ਬਹੁਤ ਸਾਰੇ ਸਾਥੀ ਵਿਦਵਾਨਾਂ ਸਮੇਤ ਸ਼ਾਮਲ ਹੋਣਗ। ਡਾ: ਨਬੀਲਾ ਰਹਿਮਾਨ ਨੇ ਕਿਹਾ ਕਿ ਉਹ ਛੇਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਨੂੰ ਕਾਮਯਾਬ ਕਰਨ ਲਈ ਸਿਰਤੋੜ ਯਤਨ ਕਰਨਗੇ।

ਬੀਬੀ ਕੰਵਲਜੀਤ ਕੌਰ ਬੈਂਸ ਨੇ ਕਿਹਾ ਕਿ ਉਹਨਾਂ ਦੀ ਗੱਲ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵਾਈਸ ਕੰਟਰੋਲਰ ਅਤੇ 1947 ਦੀ ਵੰਡ ਤੋਂ ਬਾਅਦ ਕਿਸੇ ਵੱਡੇ ਅਹੁਦੇ ਤੇ ਪਹੁੰਚਣ ਵਾਲੇ ਪਹਿਲੇ ਸਿੱਖ ਅਫਸਰ ਪ੍ਰਸ਼ਾਂਤ ਸਿੰਘ ਨਾਲ ਵੀ ਹੋਈ। ਸ: ਪ੍ਰਸ਼ਾਂਤ ਸਿੰਘ ਬੀ ਐਸ ਸੀ ਟੈਕਸਟਾਈਲ ਇੰਜੀਨਰਿੰਗ, ਐਮ ਏ ਪੁਲੀਟੀਕਲ ਸਾਇੰਸ, ਐਮ ਐਡ, ਐਲ ਐਲ ਬੀ, ਐਮ ਫਿਲ ਯੋਗਤਾ ਪ੍ਰਾਪਤ ਅਤੇ ਬਹੁਤ ਹੀ ਮਿਠਬੋਲੜੇ ਅਧਿਕਾਰੀ ਹਨ ਜੋ ਪੰਜਾਬ ਯੂਨੀਵਰਸਿਟੀ ਲਾਹੌਰ ਵਿੱਚ ਵਾਈਸ ਕੰਟਰੋਲਰ ਪ੍ਰੀਖਿਆ ਡਿਊਟੀ ਨਿਭਾ ਰਹੇ ਹਨ ਅਤੇ ਛੇਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਣਗੇ।

ਛੇਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਨੂੰ ਕਾਮਯਾਬ ਕਰਨ ਲਈ ਜਿਥੇ ਸਾਰੇ ਪ੍ਰਬੰਧਕ ਯਤਨ ਕਰ ਰਹੇ ਹਨ ਉਥੇ ਖੁਸ਼ੀ ਦੀ ਖਬਰ ਇਹ ਵੀ ਹੈ ਕਿ ਰੋਜਾਨਾ ਪੰਜਾਬੀ ਪੋਸਟ ਅਤੇ ਖਬਰਸਾਰ ਰੇਡੀਓ ਦੇ ਪ੍ਰਸਿਊਡਰ ਤੇ ਸੰਚਾਲਕ ਜਗਦੀਸ਼ ਸਿੰਘ ਗਰੇਵਾਲ, ਪੰਜਾਬ ਸਟਾਰ ਟੀ ਵੀ ਅਤੇ ਅਖਬਾਰ ਦੇ ਮਾਲਕ ਗੁਰਸਿਮਰਤ ਸਿੰਘ ਗਰੇਵਾਲ, ਗਾਉਂਦਾ ਪੰਜਾਬ ਰੇਡੀਓ ਟੀਵੀ ਦੇ ਮਾਲਕ ਜੋਗਿੰਦਰ ਸਿੰਘ ਬਾਸੀ, ਤਹਿਲਕਾ ਮੀਡੀਆ ਗਰੁੱਪ ਦੇ ਮਾਲਕ ਅਤੇ ਹੋਸਟ ਅਮਰ ਸਿੰਘ ਪੱਡਾ, ਖਬਰਨਾਮਾ ਅਖਬਾਰ ਦੇ ਮਾਲਕ ਬਲਰਾਜ ਸਿੰਘ ਦਿਓਲ ਵੀ ਛੇਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਮੀਡੀਆ ਪਾਰਟਨਰ ਹੋਣਗੇ।

ਸਰਪ੍ਰਸਤ ਬੀਬੀ ਕੰਵਲਜੀਤ ਕੌਰ ਬੈਂਸ, ਪ੍ਰਧਾਨ ਜਸਬੀਰ ਸਿੰਘ ਬੋਪਾਰਾਏ ਅਤੇ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਕਾਨਫ਼ਰੰਸ ਨੂੰ ਕਾਮਯਾਬ ਬਣਾਉਣ ਲਈ ਕੈਨੇਡਾ ਸਮੇਤ ਸੰਸਾਰ ਭਰ ਵਿੱਚੋਂ ਪੰਜਾਬੀ ਬੋਲੀ ਨੂੰ ਸਮਰਪਿਤ ਵਿਦਵਾਨਾਂ ਵੱਲੋਂ ਭਰਵਾਂ ਸਹਿਯੋਗ ਮਿਲ ਰਿਹਾ ਹੈ ਅਤੇ ਨੌਜਵਾਨ ਬੱਚਿਆਂ ਅਤੇ ਔਰਤਾਂ ਨੂੰ ਵੀ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲਾ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਕਲਮ ਫਾਊਂਡੇਸ਼ਨ ਨਾਲ ਸ੍ਰੂ ਤੋਂ ਜੁੜੇ ਹਰ ਮੈਬਰ ਨੂੰ ਨਾਲ ਲੈ ਕੇ ਚਲਣਗੇ ਅਤੇ ਸਭ ਮੈਬਰਾਂ ਦਾ ਬਣਦਾ ਸਤਿਕਾਰ ਕਰਨਗੇ।

ਕਾਨਫ਼ਰੰਸ ਨੂੰ ਕਾਮਯਾਬ ਬਣਾਉਣ ਲਈ ਸੰਸਾਰ ਭਰ ਵਿੱਚ ਵੱਸਦੇ ਵਿਦਵਾਨ ਸੱਜਣ ਸੱਜਣੀਆ ਜੋ ਕਾਨਫ਼ਰੰਸ ਵਿੱਚ ਸ਼ਾਮਲ ਹੋਣਾ ਚਹੁੰਦੇ ਹੋਣ ਆਪਣੇ ਦੇਸ ਦੀ ਕੋਆਡੀਨੇਟਰ ਕਮੇਟੀ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰ ਸਕਦੇ ਹਨ ਅਤੇ ਵਿਦਵਾਨ ਆਪਣੇ ਪਰਚੇ wpc6.canada@gmail.com ’ਤੇ ਭੇਜ ਸਕਦੇ ਹਨ।

ਛੇਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਨੂੰ ਸਹਿਯੋਗ ਦੇਣ ਲਈ ਜਾਂ ਕਲਮ ਫ਼ਾਊਂਡੇਸ਼ਨ ਨੌਰਥ ਅਮਰੀਕਾ ਦੇ ਮੈਂਬਰ ਬਣਨ ਲਈ ਸਰਪ੍ਰਸਤ ਬੀਬੀ ਕੰਵਲਜੀਤ ਕੌਰ ਬੈਂਸ ਨਾਲ 416-899-2548, ਪ੍ਰਧਾਨ ਜਸਬੀਰ ਸਿੰਘ ਬੋਪਾਰਾਏ ਨਾਲ 905-405-1600, ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨਾਲ 905260-2578 ਅਤੇ ਸੁਖਵਿੰਦਰ ਸਿੰਘ ਸੰਧ 416-712-7931 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਛੇਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਨੂੰ ਸਹਿਯੋਗ ਦੇਣ ਲਈ ਜਾਂ ਕਲਮ ਫ਼ਾਊਂਡੇਸ਼ਨ ਨੌਰਥ ਅਮਰੀਕਾ ਦੇ ਮੈਂਬਰ ਬਣਨ ਲਈ ਸਰਪ੍ਰਸਤ ਬੀਬੀ ਕੰਵਲਜੀਤ ਕੌਰ ਬੈਂਸ ਨਾਲ 416-899-2548, ਪ੍ਰਧਾਨ ਜਸਬੀਰ ਸਿੰਘ ਬੋਪਾਰਾਏ ਨਾਲ 905-405-1600, ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨਾਲ 905260-2578 ਅਤੇ ਸੁਖਵਿੰਦਰ ਸਿੰਘ ਸੰਧ 416-712-7931 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਤੀ-ਪਤਨੀ ਦੀ ਹੱਤਿਆ: ਪਿਤਾ ਨੂੰ ਪ੍ਰਾਪਰਟੀ ਵਿੱਚੋਂ ਹਿੱਸਾ ਨਾ ਦੇਣ ਉੱਤੇ ਦਾਦਾ-ਦਾਦੀ ਦੀ ਹੱਤਿਆ

ਸਾਢੌਰਾ (ਯਮਨਾ ਨਗਰ), 19 ਨਵੰਬਰ (ਪੋਸਟ ਬਿਊਰੋ)- ਪਿੰਡ ਬਕਾਲਾ ਵਿੱਚ ਮੰਗਲਵਾਰ ਦੁਪਹਿਰੇ ਹੋਈ ਪੀ ਡਬਲਯੂ ਡੀ ਦੇ ਰਿਟਾਇਰਡ ਮੁਲਾਜ਼ਮ 72 ਸਾਲਾ ਰੋਸ਼ਨ ਲਾਲ ਅਤੇ ਉਨ੍ਹਾਂ ਦੀ 50 ਸਾਲਾ ਦੂਸਰੀ ਪਤਨੀ ਪਰਮਜੀਤ ਦੀ ਹੱਤਿਆ ਦੇ ਦੋਸ਼ ਵਿੱਚ ਪੁਲਸ ਨੇ ਰੋਸ਼ਨ ਲਾਲ ਦੇ 16 ਸਾਲਾ ਪੋਤਰੇ ਨੂੰ ਗ੍ਰਿਫਤਾਰ ਕਰ ਲਿਆ ਹੈ।

ਦੋਸ਼ੀ ਨੇ ਪੁਲਸ ਨੂੰ ਦੱਸਿਆ ਕਿ ਦਾਦਾ ਰੋਸ਼ਨ ਲਾਲ ਅਤੇ ਦਾਦੀ ਪਰਮਜੀਤ ਕੌਰ ਉਨ੍ਹਾਂ ਦੇ ਨਾਲ ਝਗੜਾ ਕਰਦੇ ਰਹਿੰਦੇ ਸਨ। ਦਾਦਾ-ਦਾਦੀ ਨੇ ਆਪਣੀ ਪ੍ਰਾਪਰਟੀ ਵਿੱਚ ਉਸ ਦੇ ਪਿਤਾ ਨੂੰ ਹਿੱਸਾ ਵੀ ਨਹੀਂ ਦਿੱਤਾ। ਰੋਜ਼-ਰੋਜ਼ ਦੇ ਝਗੜੇ ਦੇ ਕਾਰਨ ਉਸ ਨੇ ਗੰਡਾਸੀ ਨਾਲ ਦੋਵਾਂ ਦਾ ਕਤਲ ਕਰ ਦਿੱਤਾ ਹੈ। ਦੋਸ਼ੀ ਨੂੰ ਕੋਰਟ ਵਿੱਚ ਪੇਸ਼ ਕਰ ਕੇ ਬਾਲ ਸੁਧਾਰ ਘਰ ਭੇਜ ਦਿੱਤਾ ਗਿਆ ਹੈ। ਪੁਲਸ ਨੇ ਦੋਸ਼ੀ ਦੀ ਨਿਸ਼ਾਨਦੇਹੀ ’ਤੇ ਕਤਲ ਵਿੱਚ ਇਸਤੇਮਾਲ ਕੀਤੀ ਗਈ ਗੰਡਾਸੀ ਨੂੰ ਵੀ ਉਸ ਦੇ ਘਰ ਦੇ ਨੇੜੇ ਬਣੇ ਪਾਥੀਆਂ ਦੇ ਢਾਰੇ ’ਚੋਂ ਬਰਾਮਦ ਕਰ ਲਿਆ।ਰੋਸ਼ਨ ਲਾਲ ਦੇ ਪੋਤਰੇ ਅਭਿਸ਼ੇਕ ਅਤੇ ਨਿਤੇਸ਼ ਨੇ ਉਨ੍ਹਾਂ ਦੀਆਂ ਚਿਤਾਵਾਂ ਨੂੰ ਅਗਨੀ ਦਿੱਤੀ, ਜਦ ਕਿ ਰੋਸ਼ਨ ਲਾਲ ਦਾ ਪੁੱਤਰ ਰਾਮਪਾਲ ਅਤੇ ਉਸ ਦਾ ਵਿਚਕਾਰਲਾ ਬੇਟਾ ਅੰਕੁਸ਼ ਇਸ ਮੌਕੇ ਮੌਜੂਦ ਨਹੀਂ ਸਨ। ਸਾਢੌਰ ਥਾਣਾ ਇੰਚਾਰਜ ਬਲਬੀਰ ਸਿੰਘ ਦਾ ਕਹਿਣਾ ਹੈ ਕਿ ਦੋਹਰੇ ਕਤਲ ਕਾਂਡ ਨਾਬਾਲਗ ਨੇ ਇਕੱਲੇ ਹੀ ਕੀਤਾ ਹੈ। ਇਸ ਵਿੱਚ ਕਿਸੇ ਹੋਰ ਦੀ ਸ਼ਮੂਲੀਅਤ ਸਾਹਮਣੇ ਨਹੀਂ ਆਈ।


# ਦੁੱਧ ਦੇ ਟੈਂਕਰ ਵਿੱਚੋਂ 110 ਪੇਟੀਆਂ ਹਰਿਆਣਾ ਮਾਰਕਾ ਦੀ ਸ਼ਰਾਬ ਫੜੀ, 1 ਗ੍ਰਿਫ਼ਤਾਰ

ਪਟਿਆਲਾ, 19 ਨਵੰਬਰ (ਪੋਸਟ ਬਿਊਰੋ)- ਦੂਜੇ ਰਾਜਾਂ ਤੋਂ ਪੰਜਾਬ ਨੂੰ ਸ਼ਰਾਬ ਦੀ ਸਮੱਗਲਿੰਗ ਕਰ ਰਹੇ ਲੋਕਾਂ ਨੂੰ ਫੜਨ ਲਈ ਪਟਿਆਲਾ ਪੁਲਸ ਵੱਲੋਂ ਚਲਾਈ ਜਾ ਰਹੀ ਮੁਹਿੰਮ ਵਿੱਚ ਭਾਰੀ ਸਫਲਤਾ ਮਿਲੀ ਹੈ।

ਥਾਣਾ ਸਦਰ ਪਟਿਆਲਾ ਦੇ ਮੁਖੀ ਪ੍ਰਦੀਪ ਸਿੰਘ ਦੀ ਬਾਜਵਾ ਦੀ ਅਗਵਾਈ ਹੇਠ ਭੁੰਨਰਹੇੜੀ ਚੌਂਕੀ ਦੀਐਸ ਆਈ ਗੁਰਪ੍ਰੀਤ ਕੌਰ ਗਿੱਲ ਨੇ ਇੱਕ ਟੈਂਕਰ ਵਿੱਚੋਂ ਹਰਿਆਣਾ ਮਾਰਕਾ ਦੀ110 ਪੇਟੀਆਂ ਸ਼ਰਾਬ ਬਰਾਮਦ ਕੀਤੀ ਹੈ। ਇਸ ਬਾਰੇ ਪੁਲਸ ਨੇ ਸੁਖੰਮਦਰ ਸਿੰਘ ਪੁੱਤਰ ਮੁਕੰਦ ਸਿੰਘ ਵਾਸੀ ਭਦੌੜ ਜ਼ਿਲਾ ਬਰਨਾਲਾ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਖ਼ਿਲਾਫ਼ ਐਕਸਾਈਜ਼ ਐਕਟ ਦਾਕੇਸ ਦਰਜ ਕੀਤਾ ਹੈ। ਚੌਂਕੀ ਇੰਚਾਰਜ ਗੁਰਪ੍ਰੀਤ ਕੌਰ ਗਿੱਲ ਨੇ ਦੱਸਿਆ ਕਿ ਉਨ੍ਹਾਂਨੇ ਬੱਸ ਸਟੈਂਡ ਭੁੰਨਰਹੇੜੀ ਵਿਖੇ ਨਾਕਾ ਲਾਇਆ ਸੀ, ਜਿੱਥੇ ਦੁੱਧ ਵਾਲੇ ਕੈਂਟਰ ਨੂੰ ਰੋਕ ਕੇ ਉਸ ਦੀ ਪੜਤਾਲ ਕੀਤੀ ਤਾਂ ਦੁੱਧ ਦੇ ਕੈਂਟਰ ਦੇ ਅੰਦਰ ਇੱਕ ਖ਼ੁਫੀਆ ਕੈਬਿਨ ਬਣਿਆ ਹੋਇਆ ਸੀ, ਜਿਸ ਨੂੰ ਖੋਲ੍ਹਿਆ ਤਾਂ ਉਸ ਵਿੱਚੋਂ 110 ਪੇਟੀਆਂ ਹਰਿਆਣਾ ਮਾਰਕਾ ਦੀ ਸ਼ਰਾਬ ਦੀਆਂ ਮਿਲੀਆਂ।ਪੁਲਸ ਨੇ ਕੈਂਟਰ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਸ਼ਾਦੀ ਤੋਂ ਇਨਕਾਰ ਉੱਤੇ ਸਹੁਰਿਆਂ ਨੇ ਵਿਧਵਾ ਦੀ ਜ਼ੁਬਾਨ ਤੇ ਨੱਕ ਕੱਟ ਦਿੱਤੇ

ਜੈਸਲਮੇਰ, 19 ਨਵੰਬਰ (ਪੋਸਟ ਬਿਊਰੋ)- ਰਾਜਸਥਾਨ ਦੇ ਜੈਸਲਮੇਰ ਜ਼ਿਲ੍ਹੇ ਦੇ ਸਾਕੜ੍ਹਾ ਥਾਣਾ ਖੇਤਰ ਵਿੱਚ ਸ਼ਾਦੀ ਤੋਂ ਇਨਕਾਰ ਕਰਨ ਉਤੇ ਵਿਧਵਾ ਦੀ ਨੱਕ ਅਤੇ ਜੀਭ ਕੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਔਰਤ ਨੂੰ ਇਲਾਜ ਲਈ ਜੋਧਪੁਰ ਰੈਫਰ ਕੀਤਾ ਗਿਆ ਹੈ, ਜਿੱਥੇ ਉਸਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਸਾਕੜ੍ਹਾ ਥਾਣੇ ਦੇ ਐਸ ਐਚ ਓ ਅਫ਼ਸਰ ਕਾਂਤਾ ਸਿੰਘ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਪੁਲਸ ਦੇ ਮੁਤਾਬਕ ਮਹਿਲਾ ਦੇ ਭਰਾ ਬਸੀਰ ਨੇ ਦੱਸਿਆ ਕਿ ਉਸ ਦੀ ਭੈਣ ਗੁੱਡੀ (28) ਦੀ ਸ਼ਾਦੀ ਕਰੀਬ 6 ਸਾਲ ਪਹਿਲਾ ਕੋਜੇ ਖਾਨ ਨਾਲ ਹੋਈ ਸੀ। ਸ਼ਾਦੀ ਦੇ ਇੱਕ ਸਾਲ ਬਾਅਦ ਕੋਜੇ ਖਾਨ ਦੀ ਮੌਤ ਹੋ ਗਈ। ਉਸ ਦੇ ਬਾਅਦ ਉਸ ਦੀ ਭੈਣ ਗੁੱਡੀ ਦੇ ਸਹੁਰਿਆਂ ਨੇ ਉਸ ਨੂੰ ਸਹੁਰੇ ਪਰਵਾਰ ਵਿੱਚ ਕਿਸੇ ਹੋਰ ਨਾਲ ਸ਼ਾਦੀ ਕਰਨ ਦੇ ਲਈ ਮਜ਼ਬੂਰ ਕਰਨਾ ਸ਼ੁਰੂ ਕਰ ਦਿੱਤਾ ਪਰ ਗੁੱਡੀ ਨੇ ਇਨਕਾਰ ਕਰ ਦਿੱਤਾ। ਕੱਲ੍ਹ ਦੁਪਹਿਰ ਗੁੱਡੀ ਦੇ ਸਹੁਰਿਆਂ ਤੋਂ ਕੁਝ ਦੋਸ਼ੀ ਉਸ ਦੇ ਘਰ ਪਹੁੰਚੇ ਅਤੇ ਸ਼ਾਦੀ ਤੋਂ ਇਨਕਾਰ ਕਰਨ ’ਤੇ ਗੁੱਡੀ ’ਤੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਗੁੱਡੀ ਦਾ ਨੱਕ ਤੇ ਜੀਭ ਕੱਟ ਦਿੱਤੀ ਅਤੇ ਉਸ ਦਾ ਸੱਜਾ ਹੱਥ ਵੀ ਤੋੜ ਦਿੱਤਾ, ਬੇਟੀ ਨੂੰ ਬਚਾਉਣ ਆਈ ਮਾਂ ਬਿਸਿਮਲਾ ਨੂੰ ਵੀ ਦੋਸ਼ੀਆਂ ਨੇ ਜ਼ਖ਼ਮੀ ਕਰ ਦਿੱਤਾ।ਐਸ ਐਚ ਓ ਕਾਂਤਾ ਸਿੰਘ ਨੇ ਦੱਸਿਆ ਕਿ ਕੇਸ ਦਰਜ ਕਰ ਕੇ ਮੁੱਖ ਦੋਸ਼ੀ ਜਾਨੂ ਖਾਨ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਬਾਕੀਆਂ ਦੀ ਤਲਾਸ਼ ਜਾਰੀ ਹੈ।




# ਹਨੇਰੀ ਗੁਫਾ ਵਿਚਲੀ ਲੜਾਈ

-ਰਣਜੀਤ ਲਹਿਰਾ

ਗੁਰਬਾਣੀ 'ਸਚੈ ਮਾਰਗਿ ਚਲਦਿਆਂ ਉਸਤਿਤ ਕਰੇ ਜਹਾਨੁ' ਦੀ ਪ੍ਰੋੜ੍ਹਤਾ ਕਰਦੀ ਹੈ, ਪਰ ਹਕੀਕੀ ਜ਼ਿੰਦਗੀ ਵਿੱਚ ਕਈ ਵਾਰ ਇਸ ਤੋਂ ਉਲਟ ਵਾਪਰਦਾ ਹੈ। ਸੱਚੇ ਮਾਰਗ ਚੱਲਣ ਵਾਲਿਆਂ ਨੂੰ ਕੁਰਾਹੀਏ, ਕਾਫ਼ਰ ਵੀ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਵਿਸ਼ੇਸ਼ਣਾਂ ਨਾਲ ਵੀ ਨਿਵਾਜਿਆ ਜਾਂਦਾ ਹੈ। ਉਨ੍ਹਾਂ ਦਾ ਵਿਰੋਧ ਕੀਤਾ ਜਾਂਦਾ ਹੈ, ਹੁੱਝਾਂ ਵੀ ਮਾਰੀਆਂ ਜਾਂਦੀਆਂ ਹਨ, ਮਿਹਣੇ ਤਾਂ ਸਮਝੋ ਵੱਟ ਉਤੇ ਪਏ ਹੁੰਦੇ ਹਨ। ਇਹ ਸਭ ਕੁਝ ਜੇ ਦੁਸ਼ਮਣ ਕਰਦਾ ਹੈ ਤਾਂ ਕੋਈ ਗੱਲ ਨਹੀਂ, ਉਨ੍ਹਾਂ ਤਾਂ ਕਰਨਾ ਹੀ ਹੁੰਦਾ ਹੈ, ਜਦੋਂ ਉਹੀ ਲੋਕ ਅਜਿਹਾ ਕਰਨ, ਜਿਨ੍ਹਾਂ ਲਈ ਸੱਚ ਬੋਲਿਆ ਜਾ ਰਿਹਾ ਹੈ, ਲੜਿਆ ਜਾ ਰਿਹਾ ਹੈ, ਤਾਂ ਦਿਲ ਦੁਖੀ ਹੁੰਦਾ ਹੈ।

ਸੱਚਾ ਮਾਰਗ ਹੱਕ ਸੱਚ ਦਾ ਮਾਰਗ ਹੈ। ਸਥਾਪਤੀ ਦੀਆਂ ਤਾਕਤਾਂ ਤੇ ਹਕੂਮਤਾਂ ਨਾਲ ਆਢਾ ਲਾਉਣ ਦਾ ਮਾਰਗ ਹੈ। ਬਾਬੇ ਨਾਨਕ, ਗੁਰੂ ਗੋਬਿੰਦ ਸਿੰਘ, ਬਾਬਾ ਬੰਦਾ ਬਹਾਦਰ, ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਦਾ ਮਾਰਗ ਹੈ। ਅਜਿਹੇ ਮਾਰਗ ਚੱਲਦਿਆਂ ਆਪਣੀ ਜਵਾਨੀ ਦੇ ਬੇਹੱਦ ਕੀਮਤੀ ਵਰ੍ਹੇ ਕੁਰਬਾਨ ਕਰਨ ਵਾਲੇ ਅਤੇ ਸਾਰੀ ਉਮਰ ਕਿਸੇ ਦੀ ਟੈਂਅ ਨਾ ਮੰਨਣ ਵਾਲੇ ਜਵਾਨੀ ਵੇਲੇ ਤੋਂ ਚੱਲੇ ਆਉਂਦੇ ਦੋਸਤ ਗਿਆਨੀ ਦਾ ਦਰਦ-ਏ-ਦਿਲ ਵੀ ਤਾਂ ਅਜਿਹਾ ਹੀ ਹੈ। ਗਿਆਨੀ ਮੇਰੇ ਉਨ੍ਹਾਂ ਦੋਸਤਾਂ ਵਿੱਚੋਂ ਹੈ, ਜਿਨ੍ਹਾਂ ਨੂੰ 70ਵਿਆਂ ਦੇ ਅੰਤਲੇ ਸਾਲਾਂ ਵਿੱਚ ਵਿਦਿਆਰਥੀਆਂ ਦੀ ਇਨਕਲਾਬੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਨੇ ਲੁੱਟ-ਖਸੁੱਟ, ਜਬਰ, ਜ਼ੁਲਮ ਤੇ ਹਰ ਬੇਇਨਸਾਫੀ ਵਿਰੁੱਧ ਸੱਚੇ ਮਾਰਗ ਉਤੇ ਚੱਲਣ ਦੀ ਅਜਿਹੀ ਜਾਗ ਲਾਈ ਕਿ ਕਰੀਅਰ ਦਾ ਫਿਕਰ ਛੱਡ ਕੇ ਉਨ੍ਹਾਂ ਨੂੰ ਆਪਣੇ ਦੇਸ਼ ਦੇ ਲੋਕਾਂ ਦੀ ਮੰਦੜੀ ਹਾਲਤ ਦਾ ਫਿਕਰ ਵੱਢ-ਵੱਢ ਖਾਣ ਲੱਗਿਆ। ਨਵਾਂ ਨਰੋਆ ਸਮਾਜ ਸਿਰਜਣ ਦਾ ਸੁਫਨਾ ਅੱਖਾਂ ਅੰਦਰ ਵੱਸ ਗਿਆ। ਇਸ ਸੁਫਨੇ ਦੀ ਪੂਰਤੀ ਲਈ ਉਨ੍ਹਾਂ ਕਰੀਅਰ ਵੀ ਦਾਅ ਉੱਤੇ ਲਾਏ, ਗੁੰਡਾ-ਪੁਲਸ-ਸਿਆਸੀ ਗਠਜੋੜ ਵਿਰੁੱਧ ਟੱਕਰ ਲਈ, ਜੇਲ੍ਹਾਂ-ਥਾਣਿਆਂ ਦੇ ਪ੍ਰਸ਼ਾਦੇ ਪਾਣੀ ਵੀ ਛਕੇ। ਧੱਕਾ ਕਿਤੇ ਵੀ ਹੁੰਦਾ, ਉਹ ਝੰਡੇ ਵਿੱਚ ਡੰਡਾ ਪਾ ਕੇ ਖੜ੍ਹ ਜਾਂਦੇ, ਹਿੱਕਾਂ ਡਾਹ ਲੈਂਦੇ। ਗਿਆਨੀ ਉਨ੍ਹਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ 'ਬਸੰਤ ਦੀ ਕੜਕ' ਨਾਲ ਇਨਕਲਾਬ ਨੂੰ ਨੇੜੇ ਆਉਂਦੇ ਤੱਕ ਕੇ ਅਮਲੀਆਂ ਨੂੰ ਵੀ ਬਾਘੀਆਂ ਪਾਉਂਦੇ ਤੱਕਿਆ ਅਤੇ ਫਿਰ ਪਤਝੜ ਦੇ ਪੱਤਿਆਂ ਵਾਂਗ ਲਹਿਰ ਦੇ ਥਾਂ-ਥਾਂ ਖਿੰਡ ਜਾਣ ਉਤੇ ਆਪਣੇ ਹੀ ਲੋਕਾਂ ਦੇ ਮਿਹਣਿਆਂ ਅਤੇ ਚੋਭਾਂ ਦੇ ਵਾਰ ਖਿੜੇ ਮੱਥੇ ਝੱਲੇ। ਗਿਆਨੀ ਦੇ ਸੁਭਾਅ ਦਾ ਇੱਕ ਪੱਖ ਜੇ ਗੰਭੀਰਤਾ ਵਾਲਾ ਸੀ ਤਾਂ ਦੂਜਾ ਪੱਖ ਕੋਈ ਨਾ ਕੋਈ ਗੱਲ ਸੁਣਾ ਕੇ ਮਾਹੌਲ ਨੂੰ ਖੁਸ਼ਗਵਾਰ ਬਣਾ ਦੇਣ ਵਾਲਾ ਵੀ ਸੀ। ਸਟੇਜਾਂ ਉਤੇ ਭਾਵੇਂ ਗਿਆਨੀ ਕਦੇ ਕਦਾਈਂ ਹੀ ਬੋਲਦਾ ਸੀ, ਪਰ ਇਕੱਠਾਂ ਅਤੇ ਸੱਥਾਂ ਵਿੱਚ ਉਹ ਡੰਗ ਅਤੇ ਚੋਭ ਦੇ ਰੂਪ ਵਿੱਚ ਇੰਨੀ ਪਤੇ ਦੀ ਗੱਲ ਕਰਦਾ ਕਿ ਵਿਰੋਧੀਆਂ ਦੇ ਹੱਡ 'ਤੇ ਜਾ ਵੱਜਦੀ। ਕਾਲਜ ਕੈਂਪਸ ਹੁੰਦਾ ਭਾਵੇਂ ਪਿੰਡ ਦੀ ਸੱਥ, ਗਿਆਨੀ ਬੋਲਣ ਤੋਂ ਟਲਦਾ ਨਹੀਂ ਸੀ।

ਜਦੋਂ ਵੀ ਗਿਆਨੀ ਨਾਲ ਗੱਲਬਾਤ ਹੁੰਦੀ, ਉਹ ਕਹਿੰਦਾ, 'ਬੀਤੇ ਦਾ ਕੋਈ ਗ਼ਮ ਨਹੀਂ, ਇਨਕਲਾਬ ਨਹੀਂ ਹੋਇਆ, ਨਾ ਸਹੀ, ਪਰ ਉਦੋਂ ਦਿਲ ਅੰਦਰ ਭਾਂਬੜ ਮੱਚਦੈ, ਜਦੋਂ ਉਹੀ ਲੋਕ ਜਿਨ੍ਹਾਂ ਲਈ ਸਾਰੀ ਉਮਰ ਲੜਦੇ ਰਹੇ, ਵਿਅੰਗ ਕੱਸਦੇ ਆਖਦੇ ਨੇ, ਉਹ ਭਾਈ ਮੁੰਡਿਓ, ਥੋਡਾ ਇਨਕਲਾਬ ਕਿੱਥੇ ਕੁ ਆ ਗਿਆ ਗਿਆ? ਜਿਨ੍ਹਾਂ ਚਾਰ ਚਾਰ ਡਲਿਆਂ (ਕਿੱਲਿਆਂ) ਵਾਲੇ ਜੱਟਾਂ ਦਾ ਰੋਜ਼ ਠੂਠੇ ਨਾਲ ਕਨਾਲਾ ਰਹਿੰਦੈ, ਉਹ ਵੀ ਖੁਦ ਨੂੰ ਬਾਦਲ ਦੇ ਮਾਸੀ ਦੇ ਪੁੱਤ ਸਮਝਦੇ ਕਹਿਣਗੇ, ਓ ਭਾਈ, ਤੁਸੀਂ ਐਵੇਂ ਤੁਰੇ ਫਿਰਦੇ ਓ, ਰਾਜ ਤਾਂ 'ਕਾਲੀਆਂ ਨੇ ਈ ਕਰਨੈ।'

ਪੁਰਾਣਾ ਕਿੱਸਾ ਸੁਣਾਉਂਦਿਆਂ ਗਿਆਨੀ ਨੇ ਦੱਸਿਆ, 'ਮੈਨੂੰ ਅਧਿਆਪਕ ਦੀ ਨੌਕਰੀ ਮਿਲੀ ਤਾਂ ਪਿੰਡ ਦਾ ਇੱਕ ਪਾਰਟੀ ਦਾ ਪਿਛਲੱਗ ਬਣਿਆ ਮਿਸਤਰੀ ਵੀ ਮੈਨੂੰ ਸੁਣਾ ਕੇ ਕਹਿੰਦਾ, ਸਰਕਾਰ ਦੀ ਸਮਝ ਨੀਂ ਆਉਂਦੀ, ਜਿਨ੍ਹਾਂ ਨੂੰ ਗੋਲੀ ਮਾਰਨੀ ਚਾਹੀਦੀ ਐ, ਉਨ੍ਹਾਂ ਨੂੰ ਨੌਕਰੀ ਦੇ ਕੇ ਖਜ਼ਾਨਾ ਲੁਟਾਈ ਜਾਂਦੀ ਐ। ਮੈਂ ਕਹਿਣ ਤਾਂ ਲੱਗਿਆ ਸੀ, ਬਈ ਸਰਕਾਰ ਮੁਲਾਜ਼ਮਾਂ ਦੇ ਖਜ਼ਾਨੇ ਐਵੇਂ ਨਹੀਂ ਲੁਟਾਉਂਦੀ, ਮੁਲਾਜ਼ਮਾਂ ਦਾ ਲਹੂ ਬਥੇਰਾ ਪੀਂਦੀ ਆ, ਪਰ ਇਹ ਸੋਚ ਕੇ ਚੁੱਪ ਕਰ ਗਿਆ, ਬਈ ਏਦਾਂ ਦਿਆਂ ਨਾਲ ਕੀ ਮੱਥਾ ਮਾਰਨਾ।' ਗਿਆਨੀ ਦੱਸਦਾ ਹੈ, 'ਜਦੋਂ ਮੈਂ ਬਿਨਾਂ ਦਾਜ-ਦਹੇਜ ਤੋਂ ਵਿਆਹ ਕਰਾਇਆ ਤਾਂ ਕਿਹਾ ਕਰਨ, 'ਥੋਨੂੰ ਨੀ ਪਤਾ, ਇਹੋ ਜੇ ਵੱਡੇ ਕਾਮ-ਰੇਡ ਚੁੱਪ ਚੁਪੀਤੇ ਨਕਦੀ ਲੈ ਜਾਂਦੇ ਨੇ।' ਗਿਆਨੀ ਜਾਣਦਾ ਸੀ ਕਿ ਇਹ ਗੱਲਾਂ ਪਿੰਡ ਦੇ ਘੜੰਮ ਚੌਧਰੀਆਂ ਦੇ ਪਿੱਛੇ ਲੱਗ ਕੇ ਮਨੋਬਲ ਤੋੜਨ ਲਈ ਕੀਤੀਆਂ ਜਾਂਦੀਆਂ ਸਨ।

ਹੁਣ ਮੋਦੀ ਸਰਕਾਰ ਵੱਲੋਂ ਖੇਤੀ ਸੰਬੰਧੀ ਤਿੰਨ ਕਾਨੂੰਨ ਪਾਸ ਕਰਨ ਪਿੱਛੋਂ ਇੱਕ ਦਿਨ ਗਿਆਨੀ ਦਾ ਫੋਨ ਆਇਆ, ਪੂਰੇ ਜਲੌਅ ਨਾਲ ਕਹਿੰਦਾ, ''ਕਮਾਲ ਹੋ ਗਈ।'' ਮੈਂ ਕਿਹਾ, ''ਕੀ?'' ਕਹਿੰਦਾ, ''ਸਾਡੇ ਪਿੰਡ ਦੇ ਜਥੇਦਾਰ ਜਿਨ੍ਹਾਂ ਦਾ 'ਬੀਬਾ ਜੀ, ਬੀਬਾ ਜੀ' ਕਹਿੰਦਿਆਂ ਮੂੰਹ ਸੁੱਕਦਾ ਸੀ, ਉਹ ਸਾਰੇ ਕਿਸਾਨ ਯੂਨੀਅਨ ਦੇ ਝੰਡੇ ਚੁੱਕੀ ਫਿਰਦੇ ਨੇ, ਧਰਨਿਆਂ ਵਿੱਚ ਇੱਕ-ਦੂਜੇ ਤੋਂ ਮੂਹਰੇ ਹੋ ਹੋ ਜਾਂਦੇ ਨੇ। ਉਹੀ ਲੋਕ ਜਿਹੜੇ ਬਾਦਲ ਨੂੰ ਕਿਸਾਨਾਂ ਦਾ ਮਸੀਹਾ ਦੱਸਦੇ ਸਨ, ਹੁਣ ਬਾਦਲ ਕਿਆਂ ਨੂੰ ਪੰਜਾਬ ਦੋਖੀ ਆਖਦੇ ਹਨ।'' ਕਿਸਾਨ ਜਥੇਬੰਦੀਆਂ ਦੇ ਤੂਫਾਨੀ ਸੰਘਰਸ਼ ਨਾਲ ਬਾਦਲ ਕਿਆਂ ਦਾ ਮੁਖੌਟੀ ਲੀਰੋ-ਲੀਰ ਹੋਣ ਉੱਤੇ ਗਿਆਨੀ ਬਾਗੋ-ਬਾਗ ਸੀ।

ਇੱਕ ਦਿਨ ਧਰਨੇ ਦੌਰਾਨ ਮੌਕਾ ਜਿਹਾ ਦੇਖ ਕੇ ਜਥੇਦਾਰ ਤੋਂ ਕਿਸਾਨ ਵਰਕਰ ਬਣੇ ਹੋਏ ਇੱਕ ਸੱਜਣ ਨੇ ਸ਼ੰਕਾ ਨਵਿਰਤੀ ਲਈ ਗਿਆਨੀ ਨੂੰ ਪੁੱਛ ਲਿਆ, ''ਕਿਉਂ ਮਾਸਟਰ ਜੀ, ਇਹ ਮੋਦੀ ਵੱਲੋਂ ਕਿਸਾਨਾਂ ਦੇ ਗਲ ਪਾਈ ਕਾਨੂੰਨਾਂ ਦੀ ਫਾਹੀ ਦਾ ਕੁਸ਼ ਬਣੂੰਗਾ?'' ਗਿਆਨੀ ਦੇ ਪੁਰਾਣੇ ਵੇਲਿਆਂ ਦੇ ਜ਼ਖਮ ਹਰੇ ਹੋ ਗਏ। ਉਹ ਕਹਿੰਦਾ, ''ਮੈਨੂੰ ਕੀ ਪਤਾ, ਅਖੰਡ ਪਾਠ ਕਰਾ ਲਓ ਪਿੰਡ 'ਚ, ਭੋਗ ਉਤੇ ਬੀਬਾ ਜੀ ਨੂੰ ਬੁਲਾ ਲਿਓ, ਖਬਰੇ ਕੁਸ਼ ਬਣ ਹੀ ਜਾਵੇ?'' ਅੱਗਿਓਂ ਭਵਿੱਖ ਨੂੰ ਲੈ ਕੇ ਪਹਿਲਾਂ ਹੀ ਫਿਕਰਮੰਦ ਪੁਰਾਣਾ ਜਥੇਦਾਰ ਕਹਿੰਦਾ, ''ਓਏ ਗਿਆਨੀ, ਕਦੇ ਤਾਂ ਟਿੱਚਰ ਤੋਂ ਬਿਨਾਂ ਗੱਲ ਕਰ ਲਿਆ ਕਰ।''

ਅਜਿਹੇ ਭੋਲਾ-ਭਾਲੇ ਲੋਕਾਂ ਉੱਤੇ ਤਰਸ ਆਉਂਦਾ ਹੈ, ਜਿਹੜੇ ਪੰਥ ਦੇ ਅਖੌਤੀ ਨੌਨਿਹਾਲਾਂ ਮਗਰ ਲੱਗ ਕੇ ਆਪਣੇ ਸੱਚੇ-ਸੁੱਚੇ ਦੋਸਤਾਂ ਦਾ ਮਨੋਬਲ ਤੋੜਨ ਲੱਗੇ ਰਹੇ ਅਤੇ ਵਕਤ ਪਏ ਤੋਂ ਉਨ੍ਹਾਂ ਦਾ ਸਹਾਰਾ ਤੱਕਣ ਲੱਗੇ ਨੇ। ਸਿਆਸਤਦਾਨਾਂ ਨੇ ਧਰਤੀ ਦੇ ਇਨ੍ਹਾਂ ਪੁੱਤਰਾਂ ਨੂੰ ਹਨੇਰੀ ਗੁਫਾ ਵਿੱਚ ਲਿਆ ਖੜ੍ਹੇ ਕੀਤਾ ਹੈ। ਹੁਣ ਪੰਜਾਬ ਤੇ ਕਿਸਾਨਾਂ ਦਾ ਝੁੱਗਾ ਚੌੜ ਕਰਵਾ ਕੇ ਇਹ ਪੁੱਠੀਆਂ ਛਾਲਾਂ ਮਾਰਨ ਲੱਗੇ ਹਨ। ਹਨੇਰੀ ਗੁਫਾ ਵਿੱਚੋਂ ਨਿਕਲਣ ਦਾ ਹੁਣ ਸੌਖਾ-ਸਿੱਧਾ ਰਾਹ ਨਹੀਂ, ਨਾ ਗਿਆਨੀ ਕੋਲ, ਨਾ ਜਥੇਦਾਰ ਤੋਂ ਕਿਸਾਨ ਬਣੇ ਭਰਾਵਾਂ ਕੋਲ, ਸਿਵਾਏ ਲੰਮੀ ਲੜਾਈ ਲੜਨ ਤੋਂ।

# ਸੁਫਨਿਆਂ ਦੀ ਤਲਾਸ਼ ਨਹੀਂ ਮੁੱਕਦੀ

-ਹਰਕੀਰਤ ਕੌਰ ਸਭਰਾ-



ਪੰਜਾਬ ਵਿੱਚ ਵਿਕਾਸ ਵੱਲ ਝਾਤ ਮਾਰੀਏ ਤਾਂ ਪੰਜਾਬੀਆਂ ਦੇ ਰਹਿਣ-ਸਹਿਣ ਦੀ ਨੁਹਾਰ ਬਦਲ ਚੁੱਕੀ ਹੈ। ਕੱਚੇ ਕੋਠਿਆਂ ਦੀ ਜਗ੍ਹਾ ਵੱਡੀਆਂ ਕੋਠੀਆਂ ਨੇ ਲੈ ਲਈ ਹੈ। ਇਨ੍ਹਾਂ ਜ਼ਿਆਦਾਤਰ ਆਲੀਸ਼ਾਨ ਕੋਠੀਆਂ ਦੇ ਦਰਵਾਜ਼ਿਆਂ ਨੂੰ ਜਿੰਦੇ ਲੱਗੇ ਹੁੰਦੇ ਹਨ। ਬੂਹੇ-ਬਾਰੀਆਂ ਉਤੇ ਮਿੱਟੀ-ਘੱਟਾ ਜੰਮਿਆ ਦਿਸਦਾ ਹੈ। ਘਰ-ਬਾਰ ਬਹੁਤ ਸੋਹਣੇ ਬਣੇ ਹਨ, ਪਰ ਉਨ੍ਹਾਂ ਵਿੱਚ ਹੱਸਦੇ-ਵੱਸਦੇ ਘਰਾਂ ਵਾਲੀ ਮਹਿਕ-ਚਹਿਕ, ਬੋਲ-ਬੁਲ-ਾਰਾਅ ਤੇ ਹਾਸੇ ਨਹੀਂ ਸੁਣਦੇ। ਬੱਚਿਆਂ ਦੀਆਂ ਕਿਲਕਾਰੀਆਂ ਨਹੀਂ ਵੱਜਦੀਆਂ। ਕਿਸੇ-ਕਿਸੇ ਘਰ ਦੀ ਚਾਰ ਦੀਵਾਰੀ ਵਿੱਚ ਕੋਈ ਬੁੱਢਾ ਮਾਈ-ਬਾਪ ਜਾਂ ਕੋਈ ਪਰਵਾਸੀ ਮਜ਼ਦੂਰ ਉਨ੍ਹਾਂ ਕੋਠੀਆਂ ਜਾਂ ਹਵੇਲੀਆਂ ਦੀ ਰਾਖੀ ਬੈਠਾ ਹੁੰਦਾ ਹੈ, ਜਿਹੜੀਆਂ ਬਹੁਤ ਰੀਝਾਂ ਅਤੇ ਚਾਵਾਂ ਨਾਲ ਉਸਾਰੀਆਂ ਗਈਆਂ ਹੁੰਦੀਆਂ ਹਨ। ਮਨ ਸੋਚਦਾ ਹੈ ਕਿ ਇਨ੍ਹਾਂ ਘਰਾਂ ਦੇ ਮਾਲਕ ਕਦੇ ਘਰਾਂ ਨੂੰ ਪਰਤਣਗੇ ਤਾਂ ਬੂਹਿਆਂ 'ਤੇ ਤੇਲ ਚੋਇਆ ਜਾਵੇਗਾ। ਕਦੋਂ ਏਹ ਕੰਧਾਂ ਹੱਸਣਗੀਆਂ ਤੇ ਕਦੋਂ ਵਿਹੜੇ ਚਾਂਭੜਾ ਪਾਉਣਗੇ? ਪੰਜਾਬ ਦੀਆਂ ਬਹੁਤ ਸਾਰੀਆਂ ਕੋਠੀਆਂ ਦੇ ਅਸਲੀ ਮਾਲਕ ਤਾਂ ਪਰਦੇਸੀ ਹੋ ਗਏ ਹਨ ਅਤੇ ਉਥੇ ਭੋਰਿਆਂ ਵਰਗੀਆਂ ਬੇਸਮੈਂਟਾਂ ਜਾਂ ਅਪਾਰਟਮੈਂਟ ਵਿੱਚ ਰੈਣ-ਬਸੇਰੇ ਕਰ ਰਹੇ ਹਨ। ਉਨ੍ਹਾਂ ਘਰਾਂ ਵਿੱਚ ਉਹ ਰਹਿਣ ਨਹੀਂ, ਬਲਕਿ ਸਿਰਫ ਸੌਣ ਹੀ ਆਉਂਦੇ ਹਨ।

19ਵੀਂ ਸਦੀ ਮੁੱਕਣ ਅਤੇ 20ਵੀਂ ਸਦੀ ਚੜ੍ਹਨ ਦੇ ਨਾਲ ਪੰਜਾਬੀਆਂ ਦਾ ਆਪਣੇ ਘਰਾਂ ਤੋਂ ਪਰਦੇਸਾਂ ਵੱਲ ਜਾਣ ਦਾ ਮੁਹਾਣ ਸ਼ੁਰੂ ਹੋਇਆ ਸੀ। ਪਹਿਲੇ ਸਮਿਆਂ ਵਿੱਚ ਪੰਜਾਬੀਆਂ ਨੂੰ ਹਮਲਾਵਰ ਘਰਾਂ ਤੋਂ ਉਜਾੜਦੇ ਸਨ। ਫਿਰ ਹਾਲਾਤ ਐਸੇ ਬਣੇ ਕਿ ਉਹ ਆਪ ਹੀ ਘਰਾਂ ਤੋਂ ਉਜੜਨ ਲੱਗ ਪਏ। ਇੱਕੀਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬੀਆਂ ਨੇ ਵਿਦੇਸ਼ ਵੱਲ ਅਜਿਹਾ ਰੁਖ਼ ਕੀਤਾ ਕਿ ਜ਼ਿਆਦਾਤਰ ਪੰਜਾਬੀਆਂ ਦਾ ਟੀਚਾ ਬਾਹਰਲੇ ਮੁਲਕਾਂ ਵਿੱਚ ਵੱਸਣ ਦਾ ਬਣ ਗਿਆ। ਇੱਕੀਵੀਂ ਸਦੀ 'ਚ ਤਾਂ ਅੱਧਾ ਪੰਜਾਬ ਪਰਦੇਸੀ ਹੋ ਗਿਆ ਹੈ। ਮਰਦਮ ਸ਼ੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਇੱਕ ਕਰੋੜ ਤੋਂ ਵਧੇਰੇ ਪੰਜਾਬੀ ਪੰਜਾਬੋਂ ਬਾਹਰਲੇ ਰਾਜਾਂ ਵਿੱਚ ਰਹਿੰਦੇ ਹਨ ਅਤੇ ਪੰਜਾਹ ਲੱਖ ਦੇ ਕਰੀਬ ਭਾਰਤ ਤੋਂ ਬਾਹਰ ਰਹਿੰਦੇ ਹਨ। ਜਿਨੇ ਕੁ ਪੰਜਾਬੀ ਪੰਜਾਬ ਤੋਂ ਬਾਹਰ ਨਿਕਲੇ ਹਨ, ਉਸ ਦਾ ਪੰਜਵਾਂ ਕੁ ਹਿੱਸਾ, ਭਾਵ ਤੀਹ ਕੁ ਲੱਖ ਪਰਵਾਸੀ ਮਜ਼ਦੂਰ ਪੰਜਾਬ ਵਿੱਚ ਆ ਵਸੇ ਹਨ। ਪੰਜਾਬੀਆਂ ਵਿੱਚੋਂ ਇਕੱਲੇ ਸਿੱਖਾਂ ਦੀ ਗੱਲ ਕਰੀਏ ਤਾਂ ਹਰ ਚੌਥਾ ਸਿੱਖ ਪੰਜਾਬ ਤੋਂ ਬਾਹਰ ਘਰ ਪਾਈ ਬੈਠਾ ਹੈ ਤੇ ਉਨ੍ਹਾਂ ਦੇ ਪੰਜਾਬ ਵਿਚਲੇ ਜੱਦੀ ਘਰਾਂ ਨੂੰ ਜਿੰਦਰੇ ਵੱਜੀ ਜਾਂਦੇ ਹਨ। ਕਦੇ ਨਾ ਕਦੇ ਇਹ ਜਿੰਦਰੇ ਖੁੱਲ੍ਹਣੇ ਹਨ। ਇਹ ਗੱਲ ਵੱਖ ਹੈ ਕਿ ਜਾਂ ਆਪ ਖੋਲ੍ਹ ਲੈਣ ਜਾਂ ਹੋਰ ਰਾਜਾਂ ਤੋਂ ਆਏ ਪਰਵਾਸੀ ਮਜ਼ਦੂਰਾਂ ਨੂੰ ਖੋਲ੍ਹਣ ਦੇਣ। ਖਾਲੀ ਥਾਵਾਂ ਨੂੰ ਕਿਸੇ ਤਾਂ ਭਰਨਾ ਹੀ ਹੈ। ਮੈਂ ਅਜਿਹੇ ਲੋਕਾਂ ਨੂੰ ਦੇਖਿਆ ਹੈ, ਜੋ ਬਾਹਰਲੇ ਕਿਰਤੀਆਂ ਦੇ ਪੰਜਾਬ ਆਉਣੇ 'ਤੇ ਨਾਰਾਜ਼ ਹੁੰਦੇ ਹਨ, ਪਰ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਅਸਲੀ ਤੜਫ ਇਹ ਹੋਣੀ ਚਾਹੀਦੀ ਹੈ ਕਿ ਜੱਦੀ ਪੁਸ਼ਤੀ ਪੰਜਾਬੀ, ਪੰਜਾਬ ਨੂੰ ਕਿਉਂ ਛੱਡ ਰਹੇ ਹਨ? ਜੋ ਪੰਜਾਬ ਦੇ ਅਸਲੀ ਵਾਰਸ ਕਹਾਉਂਦੇ ਹਨ, ਉਹ ਹੱਥੀਂ ਕਿਰਤ ਕਿਉਂ ਛੱਡੀ ਜਾਂਦੇ ਹਨ? ਤੀਹ ਲੱਖ ਪਰਵਾਸੀ ਮਜ਼ਦੂਰਾਂ ਨੂੰ ਪੰਜਾਬ ਵਿੱਚ ਹੱਥੀਂ ਕਰਨ ਵਾਲਾ ਕੰਮ ਲੱਭ ਸਕਦਾ ਹੈ ਤਾਂ ਪੰਜਾਬ ਦੇ ਜੰਮੇ-ਜਾਇਆਂ ਨੂੰ ਉਹ ਕੰਮ ਕਿਉਂ ਨਹੀਂ ਦਿਸਦਾ।


ਇਹ ਕਿਧਰਲੀ ਦਲੀਲ ਹੈ ਕਿ ਆਪ ਪੰਜਾਬ ਛੱਡੀ ਜਾਓ ਅਤੇ ਪੰਜਾਬ ਨੂੰ ਵੱਸਦਾ ਰੱਖਣ ਵਾਲਿਆਂ ਵਿਰੁੱਧ ਡੌਂਡੀ ਪਿੱਟੀ ਜਾਓ। ਬਾਹਰੋਂ ਆਏ ਕਿਰਤੀ ਪੰਜਾਬ ਨੂੰ ਲੁੱਟਦੇ ਨਹੀਂ, ਉਹ ਪੰਜਾਬ ਦੀ ਉਪਜ ਵਿੱਚ ਵਾਧਾ ਕਰਦੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਅਸੀਂ ਕੈਨੇਡਾ-ਅਮਰੀਕਾ ਜਾ ਕੇ ਕਰਦੇ ਹਾਂ ਕਿ ਅਸੀਂ ਓਥੋਂ ਦੀ ਆਰਥਿਕਤਾ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੇ ਹਾਂ। ਵੀਹਵੀਂ ਸਦੀ ਦੇ ਆਰੰਭ ਤੋਂ ਪੰਜਾਬੀਆਂ ਦਾ ਜਿਹੜਾ ਪਰਵਾਸ ਸ਼ੁਰੂ ਹੋਇਆ ਸੀ, ਉਸ ਨੇ ਸੌ ਸਾਲਾਂ ਵਿੱਚ ਲੱਖਾਂ ਪੰਜਾਬੀ ਬਾਹਰ ਢੋਅ ਦਿੱਤੇ ਹਨ। ਅੱਜ ਅਸੀਂ ਵਿਸ਼ਵ 'ਚ ਕਈ ਨਿੱਕੇ-ਨਿੱਕੇ ਪੰਜਾਬ ਬਣੇ ਵੇਖ ਰਹੇ ਹਾਂ। ਜੇ ਸਾਡਾ ਹੋਰਨਾਂ ਸੂਬਿਆਂ ਜਾਂ ਦੇਸ਼ਾਂ ਵਿੱਚ ਜਾਣਾ ਜਾਇਜ਼ ਹੈ ਤਾਂ ਹੋਰ ਰਾਜਾਂ ਤੋਂ ਕਿਸੇ ਦਾ ਪੰਜਾਬ ਆਉਣਾ ਨਾਜਾਇਜ਼ ਕਿਵੇਂ ਹੈ?

ਪਰਵਾਸ ਦੇ ਵਧਦੇ ਰੁਝਾਨ ਪਿੱਛੇ ਕਾਰਨ ਜਾਨਣਾ ਬਹੁਤ ਜ਼ਰੂਰੀ ਹੈ। ਮਨੁੱਖ ਸਦਾ ਹੀ ਬਿਹਤਰ ਜੀਵਨ ਦੀ ਤਲਾਸ਼ ਵਿੱਚ ਰਿਹਾ ਤੇ ਰਹੇਗਾ। ਬਿਹਤਰ ਜੀਵਨ ਲਈ ਉਸ ਨੂੰ ਆਪਣਾ ਪਿਆਰਾ ਵਤਨ ਵੀ ਛੱਡਣਾ ਪੈਂਦਾ ਹੈ। ਪਰਵਾਸੀ ਮਜ਼ਦੂਰ ਪੰਜਾਬ ਦੀ ਸੈਰ ਕਰਨ ਦਾ ਸ਼ੌਕ ਪਾਲਣ ਨਹੀਂ ਆਉਂਦੇ ਤੇ ਪੰਜਾਬ ਦੀ ਨਿਸ਼ਕਾਮ ਸੇਵਾ ਕਰਨ ਵੀ ਨਹੀਂ ਆਉਂਦੇ। ਪੰਜਾਬ ਉਨ੍ਹਾਂ ਨੂੰ ਯੂ ਪੀ, ਬਿਹਾਰ ਨਾਲੋਂ ਵੱਧ ਮਜ਼ਦੂਰੀ ਦਿੰਦਾ ਹੈ, ਇਸ ਲਈ ਉਹ ਬਿਹਤਰ ਜੀਵਨ ਜਿਊਣ ਲਈ ਪੰਜਾਬ ਵੱਲ ਕੂਚ ਕਰਦੇ ਹਨ ਅਤੇ ਸਾਡੇ ਪੰਜਾਬੀ ਕੈਨੇਡਾ ਵਰਗੇ ਦੇਸ਼ਾਂ ਵੱਲ, ਕਿਉਂਕਿ ਉਥੇ ਉਨ੍ਹਾਂ ਦੀ ਕਿਰਤ ਦਾ ਵੱਧ ਮੁੱਲ ਮਿਲਦਾ ਹੈ। ਇਨਸਾਨ ਹਮੇਸ਼ਾ ਬਿਹਤਰ ਜੀਵਨ ਦੀ ਤਾਂਘ ਲਈ ਦੌੜ-ਭੱਜ ਕਰਦਾ ਹੈ। ਇਹ ਦੌੜ ਮੁੱਕਣ ਵਾਲੀ ਨਹੀਂ। ਪੰਜਾਬੀਆਂ 'ਤੇ ਵਿਦੇਸ਼ ਜਾਣ ਦੀ ਲਾਲਸਾ ਇਸ ਕਦਰ ਭਾਰੂ ਪੈ ਰਹੀ ਹੈ ਕਿ ਉਹ ਇਸ ਮਕਸਦ ਦੀ ਪੂਰਤੀ ਲਈ ਹਰ ਪੁੱਠੇ-ਸਿੱਧੇ ਰਾਹ ਅਖਤਿਆਰ ਕਰੀ ਜਾ ਰਹੇ ਹਨ।

ਪਰਵਾਸੀ ਪੰਜਾਬੀ ਆਪਣੀ ਮਾਤ-ਭੂਮੀ ਪੰਜਾਬ ਵਿੱਚ ਖੁਦ ਦੀ ਹੋਂਦ ਦਿਖਾਉਣ ਲਈ ਵੱਡੇ ਮਕਾਨ ਛੱਤੀ ਜਾ ਰਹੇ ਹਨ, ਬਿਨਾਂ ਇਹ ਸੋਚੇ ਕਿ ਉਨ੍ਹਾਂ ਦੀ ਔਲਾਦ ਇਨ੍ਹਾਂ ਮਕਾਨਾਂ ਨੂੰ ਕਦੇ ਘਰ ਬਣਾਵੇਗੀ ਜਾਂ ਨਹੀਂ? ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਤੂੜੀ ਦੀ ਪੰਡ' ਪੜ੍ਹੋ ਤਾਂ ਉਹ ਕਹਿੰਦੇ ਹਨ ਕਿ ਤੂੜੀ ਦੀ ਪੰਡ ਪਾਣੀ ਦੇ ਵਹਿਣ ਵਿੱਚ ਖੁੱਲ੍ਹ ਜਾਵੇ ਤਾਂ ਤੀਲਾ-ਤੀਲਾ ਖਿੱਲਰ ਜਾਂਦਾ ਤੇ ਲਹਿਰਾਂ ਉਨ੍ਹਾਂ ਤੀਲਿਆਂ ਨੂੰ ਆਪਣੇ ਨਾਲ ਵਹਾ ਲੈ ਜਾਂਦੀਆਂ ਹਨ। ਫਿਰ ਉਨ੍ਹਾਂ ਨੂੰ ਇਕੱਠੇ ਕਰਨਾ ਸੰਭਵ ਨਹੀਂ ਹੁੰਦਾ। ਬੱਸ, ਅਫਸੋਸ ਹੀ ਹੁੰਦਾ ਹੈ ਕਿ ਤੂੜੀ ਦੀ ਪੰਡ ਖੁੱਲ੍ਹੀ ਕਿਉਂ? ਬਿਲਕੁਲ ਤੂੜੀ ਦੀ ਪੰਡ ਦੀ ਤਰ੍ਹਾਂ ਸਾਡੇ ਪੰਜਾਬੀਆਂ ਦੇ ਇਕੱਠੇ ਦੀ ਪੰਡ ਖੁੱਲ੍ਹ ਚੁੱਕੀ ਹੈ, ਜੋ ਪਾਣੀ ਦੇ ਵਹਾਅ ਵਾਂਗ ਪੰਜਾਬੀਆਂ ਨੂੰ ਪੰਜਾਬ ਤੋਂ ਦੂਰ ਰੋੜ੍ਹ ਕੇ ਲਿਜਾ ਰਹੀ ਹੈ, ਪਰ ਇਸ ਦੇ ਪਿੱਛੇ ਕਾਰਨ ਸਿਰਫ ਇੱਕੋ ਹੈ, ਬਿਹਤਰ ਜੀਵਨ ਦੀ ਤਲਾਸ਼। ਇਸ ਨੂੰ ਦੇਖ ਕੇ ਸਿੱਧ ਹੁੰਦਾ ਹੈ ਕਿ ਸਾਡੇ ਦੇਸ਼ ਦੇ ਨਿਜ਼ਾਮ ਵਿੱਚ ਬਹੁਤ ਸਾਰੀਆਂ ਕਮੀਆਂ ਹਨ ਜਿਸ ਕਰ ਕੇ ਲੋਕਾਂ ਨੂੰ ਆਪਣੀ ਥਾਲੀ ਛੱਡ ਕੇ ਬੇਗਾਨੀ ਵੱਲ ਝਾਕਣਾ ਪੈ ਰਿਹਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਏਦਾਂ ਦੀ ਸੁਚੱਜੀ ਵਿਵਸਥਾ ਸਿਰਜਣ, ਜਿਸ ਸਦਕਾ ਪੰਜਾਬ ਦੀ ਰੌਣਕ ਪੰਜਾਬ ਵਿੱਚ ਰਹੇ ਅਤੇ ਲੋਕਾਂ ਦਾ ਇੱਕ ਵਧੀਆ ਜੀਵਨ ਜਿਊਣ ਦਾ ਸੁਫਨਾ ਅਤੇ ਦੇਸ਼ ਵਿੱਚ ਹੀ ਪੂਰਾ ਹੋ ਸਕੇ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


# ਸੇਵਾ ਮੁਕਤੀ ਸਬੰਧੀ ਤਜਵੀਜ਼ਾਂ ਬਾਰੇ ਸਾਬਕਾ ਫੌਜੀ ਅਧਿਕਾਰੀਆਂ ਵਿੱਚ ਨਾਰਾਜ਼ਗੀ

-ਵਿਪਨ ਪੱਬੀ-

ਭਾਰਤੀ ਫੌਜ 'ਚ ਤਾਇਨਾਤ ਜਵਾਨਾਂ ਅਤੇ ਅਧਿਕਾਰੀਆਂ ਦੀਆਂ ਸੇਵਾਵਾਂ ਨਾਲ ਸਬੰਧਤ ਹਾਲਤ ਬਾਰੇ ਪਿੱਛੇ ਜਿਹੇ ਦੀਆਂ ਸਰਕਾਰ ਦੀਆਂ ਕੁਝ ਤਜਵੀਜ਼ਾਂ ਨੇ ਸਾਬਕਾ ਫੌਜੀਆਂ ਵਿੱਚ ਗੁੱਸਾ ਪੈਦਾ ਕਰ ਦਿੱਤਾ ਹੈ। ਇਹ ਵਿਵਸਥਾ ਸੁਰੱਖਿਆ ਫੋਰਸਾਂ ਦੀ ਸਥਿਤੀ ਦੇ ਡੀ-ਗ੍ਰੇਡੇਸ਼ਨ ਸਿਸਟਮ ਬਾਰੇ ਹੈ। ਇਨ੍ਹਾਂ ਨਵੇਂ ਕਦਮਾਂ ਹੇਠ ਫੌਜੀ ਮਾਮਲਿਆਂ ਦੇ ਵਿਭਾਗ (ਡੀ ਐਮ ਏ) ਵੱਲੋਂ ਪੈਨਸ਼ਨ ਨੂੰ ਘਟਾਉਣ ਅਤੇ ਨਵੀਂ ਸੇਵਾਮੁਕਤੀ ਨੀਤੀ ਨੂੰ ਲਿਆਉਣ ਦੀ ਤਜਵੀਜ਼ ਹੈ। ਡੀ ਐਮ ਏ ਦੀ ਪ੍ਰਧਾਨਗੀ ਸੀ ਡੀ ਐਸ (ਚੀਫ ਆਫ ਡਿਫੈਂਸ ਸਟਾਫ) ਜਨਰਲ ਬਿਪਿਨ ਰਾਵਤ ਨੇ ਕੀਤੀ ਹੈ।

29 ਅਕਤੂਬਰ ਦੇ ਇੱਕ ਨੋਟ ਅਨੁਸਾਰ ਫੌਜ ਦੇ ਅਧਿਕਾਰੀਆਂ ਅਤੇ ਫੌਜੀਆਂ ਦੀ ਪੈਨਸ਼ਨ ਅਤੇ ਉਨ੍ਹਾਂ ਦੇ ਸੇਵਾ ਮੁਕਤੀ ਪ੍ਰੋਫਾਈਲ 'ਚ ਤਬਦੀਲੀ ਲਈ ਸਰਕਾਰ ਦੀ ਇਜਾਜ਼ਤ ਮੰਗੀ ਗਈ ਹੈ। ਇਸ ਸਮੇਂ ਅਧਿਕਾਰੀ 20 ਸਾਲ ਦੇ ਸੇਵਾ ਕਾਲ ਤੋਂ ਬਾਅਦ ਪ੍ਰੀ-ਮੈਚਿਓਰ ਰਿਟਾਇਰਮੈਂਟ ਲੈ ਸਕਦੇ ਹਨ। ਇਸ ਮੌਕੇ ਲਈ ਗਈ ਆਪਣੀ ਆਖਰੀ ਤਨਖ਼ਾਹ ਦੀ 50 ਫ਼ੀਸਦੀ ਤਨਖ਼ਾਹ ਦੇ ਬਰਾਬਰ ਉਹ ਪੈਨਸ਼ਨ ਦੇ ਹੱਕਦਾਰ ਹੁੰਦੇ ਹਨ। ਨਵੀਆਂ ਤਜਵੀਜ਼ ਤਬਦੀਲੀਆਂ ਹੇਠ ਜਿਸ ਕਿਸੇ ਨੇ ਪ੍ਰੀ-ਮੈਚਿਓਰ ਰਿਟਾਇਰਮੈਂਟ 20-25 ਸਾਲਾਂ ਦੇ ਸੇਵਾ ਕਾਲ ਤੋਂ ਬਾਅਦ ਲੈਣੀ ਹੈ, ਉਹ ਮੌਜੂਦਾ ਪੈਨਸ਼ਨ ਦੇ 50 ਫ਼ੀਸਦੀ ਹੱਕਦਾਰ ਹੋਣਗੇ। ਜਿਹੜਾ ਅਧਿਕਾਰੀ ਇਸ ਸਮੇਂ ਇੱਕ ਲੱਖ ਤਨਖ਼ਾਹ ਲੈਂਦਾ ਅਤੇ 50 ਹਜ਼ਾਰ ਦੀ ਪੈਨਸ਼ਨ ਲੈਂਦਾ ਹੈ, ਉਸ ਨੇ ਨਵੇਂ ਨਿਯਮਾਂ ਤਹਿਤ 20 ਤੋਂ 25 ਸਾਲ ਦੀ ਸੇਵਾ ਕੀਤੀ ਹੋਵੇ ਤਾਂ ਸਿਰਫ 25 ਹਜ਼ਾਰ ਰੁਪਏ ਪੈਨਸ਼ਨ ਲੈ ਸਕੇਗਾ। 26 ਤੋਂ 30 ਸਾਲ ਸੇਵਾ ਕਰਨ ਵਾਲੇ ਅਫਸਰ ਮੌਜੂਦਾ ਪੈਨਸ਼ਨ ਦਾ 60 ਫ਼ੀਸਦੀ ਲੈ ਸਕਣਗੇ ਅਤੇ ਜਿਨ੍ਹਾਂ ਦਾ ਸੇਵਾਕਾਲ 31 ਤੋਂ 35 ਸਾਲ ਹੈ, ਉਹ ਆਪਣੀ ਪੈਨਸ਼ਨ ਦਾ 75 ਫ਼ੀਸਦੀ ਹੀ ਲੈ ਸਕਣਗੇ। ਇਨ੍ਹਾਂ ਤਬਦੀਲੀਆਂ ਅਨੁਸਾਰ 35 ਸਾਲ ਤੋਂ ਵੱਧ ਦੇ ਸੇਵਾਕਾਲ ਵਾਲੇ ਅਧਿਕਾਰੀ ਜਾਂ ਫੌਜੀ ਜੇ ਉਹ ਪ੍ਰੀ-ਮੈਚਿਓਰ ਰਿਟਾਇਰਮੈਂਟ ਲੈਣ ਤਾਂ ਪੂਰੀ ਪੈਨਸ਼ਨ ਲੈ ਸਕਣਗੇ,।

ਸੇਵਾਮੁਕਤ ਅਧਿਕਾਰੀ ਜਾਂ ਫਿਰ ਜੋ ਸੇਵਾ ਵਿੱਚ ਹਨ, ਇਹ ਸਮਝਦੇ ਹਨ ਕਿ ਜੇ ਇਸ ਤਜਵੀਜ਼ ਨੂੰ ਮਨਜ਼ੂਰ ਕਰ ਲਿਆ ਤਾਂ ਇਸ ਨਾਲ ਸੇਵਾ 'ਚ ਲੱਗੇ ਅਧਿਕਾਰੀਆਂ ਵਿੱਚ ਗੁੱਸਾ ਪੈਦਾ ਹੋ ਸਕਦਾ ਹੈ। ਇਸ ਦੇ ਨਾਲ ਸੁਰੱਖਿਆ ਫੋਰਸਾਂ 'ਚ ਸ਼ਾਮਲ ਹੋਣ ਦੇ ਚਾਹਵਾਨ ਲੋਕਾਂ ਦੇ ਇਸ ਨਾਲ ਹੌਸਲੇ ਪਸਤ ਹੋਣਗੇ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਸ ਕਦਮ ਦਾ ਮਕਸਦ ਭਾਰੀ ਪੈਨਸ਼ਨ ਬਿੱਲਾਂ 'ਚ ਕਟੌਤੀ ਕਰਨਾ ਹੈ, ਜਿਸ ਨੇ 'ਵਨ ਰੈਂਕ ਵਨ ਪੈਨਸ਼ਨ' ਸਕੀਮ ਲਾਗੂ ਹੋ ਜਾਣ ਪਿੱਛੋਂ ਬਹੁਤ ਵੱਡਾ ਬੋਝ ਪਾਇਆ ਹੈ। ਇਹ ਸੂਤਰ ਕਹਿੰਦੇ ਹਨ ਕਿ ਫੌਜੀ ਪੈਨਸ਼ਨਾਂ 'ਚ ਸਰਕਾਰੀ ਖਰਚ ਸਕੀਮ ਲਾਗੂ ਹੋਣ ਤੋਂ ਬਾਅਦ 4 ਗੁਣਾ ਵੱਧ ਛਾਲ ਮਾਰ ਗਿਆ ਹੈ। ਇਸ ਸਕੀਮ ਲਈ ਸੇਵਾਮੁਕਤ ਅਧਿਕਾਰੀ ਤੇ ਫੌਜੀ ਲੰਮੇ ਸਮੇਂ ਤੋਂ ਪ੍ਰਦਰਸ਼ਨ ਅਤੇ ਵਿਰੋਧ ਕਰ ਰਹੇ ਸਨ। ਆਰਥਿਕ ਮਾਹਿਰ ਕਹਿੰਦੇ ਹਨ ਕਿ ਫੌਜੀ ਪੈਨਸ਼ਨਾਂ 'ਤੇ ਵੱਡਾ ਖਰਚ ਨਵੇਂ ਡਿਫੈਂਸ ਪਲਾਂਟਾਂ ਨੂੰ ਹਾਸਲ ਕਰਨ ਦੀ ਵਿਵਸਥਾ ਨਾਲ ਕਈ ਗੁਣਾ ਵਧਿਆ ਹੈ। ਨਵੇਂ ਕਦਮਾਂ 'ਤੇ ਸਰਕਾਰ ਦਾ ਸਪੱਸ਼ਟੀਕਰਨ ਇਹ ਹੈ ਕਿ ਉਹ ਪ੍ਰੀ-ਮੈਚਿਓਰ ਰਿਟਾਇਰਮੈਂਟ ਨੂੰ ਉਤਸ਼ਾਹਿਤ ਨਹੀਂ ਕਰਨਾ ਚਾਹੁੰਦੇ, ਜਿਸ ਕਾਰਨ ਨਿਪੁੰਨ ਰੱਖਿਆ ਅਧਿਕਾਰੀਆਂ ਦੀ ਘਾਟ ਹੋ ਜਾਵੇਗੀ। ਅਧਿਕਾਰੀਆਂ ਅਤੇ ਹੋਰ ਰੈਂਕ ਦੀ ਸੇਵਾਮੁਕਤੀ ਉਮਰ 'ਚ ਵਾਧੇ ਦੀ ਵੀ ਤਜਵੀਜ਼ ਹੈ। ਇਨ੍ਹਾਂ ਨਿਯਮਾਂ ਵਿਰੁੱਧ ਮੁਹਿੰਮ ਦੀ ਅਗਵਾਈ ਕਰਨ ਵਾਲੇ ਸਾਬਕਾ ਫੌਜੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੇਸ਼ ਦੀ ਅਰਥ ਵਿਵਸਥਾ ਦੇ ਸਰਕਾਰੀ ਘਟੀਆ ਪ੍ਰਬੰਧਾਂ ਕਾਰਨ ਪੈਨਸ਼ਨ 'ਚ ਕਟੌਤੀ ਕਰਨਾ ਗਲਤ ਹੈ। ਉਹ ਕਹਿੰਦੇ ਹਨ ਕਿ ਅਜਿਹਾ ਕਦਮ ਸੁਰੱਖਿਆ ਬਲਾਂ ਦਾ ਮਨੋਬਲ ਡੇਗੇਗਾ, ਖਾਸ ਕਰ ਕੇ ਉਸ ਸਮੇਂ ਜਦੋਂ ਚੀਨ ਅਤੇ ਪਾਕਿ-ਸਤਾਨ ਤੋਂ ਦੇਸ਼ ਖਤਰਾ ਝੱਲ ਰਿਹਾ ਹੈ। ਕੁਝ ਸੇਵਾਮੁਕਤ ਅਫਸਰਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਅੱਧੀ ਸੱਚੀ ਅਤੇ ਗਲਤ ਸੂਚਨਾ ਫੈਲਾਈ ਜਾ ਰਹੀ ਹੈ। ਮਿਸਾਲ ਵਜੋਂ ਇੱਕ ਸਾਬਕਾ ਅਧਿਕਾਰੀ ਦੀ ਪਤਨੀ, ਜੋ ਇੱਕ ਲੀਡਿੰਗ ਟੈਲੀਵਿਜ਼ਨ ਦੀ ਐਂਕਰ ਹੈ, ਦਾ ਕਹਿਣਾ ਹੈ ਕਿ ਨਵੇਂ ਪੈਨਸ਼ਨ ਨਿਯਮ ਅਧਿਕਾਰੀਆਂ ਅਤੇ ਹੋਰ ਰੈਂਕਾਂ ਦੋਵਾਂ ਉਤੇ ਲਾਗੂ ਹੋਣਗੇ। ਤੱਥ ਇਹ ਹੈ ਕਿ ਇਨ੍ਹਾਂ ਤਜਵੀਜ਼ਤ ਨਿਯਮਾਂ ਰਾਹੀਂ ਜਵਾਨ ਪ੍ਰਭਾਵਿਤ ਨਹੀਂ ਹੋਣਗੇ। ਅਜਿਹੀ ਹੀ ਇੱਕ ਹੋਰ ਔਰਤ 'ਕੈਗ' (ਕੰਪਟਰੋਲਰ ਐਂਡ ਆਡੀਟਰ ਜਨਰਲ) ਦੀ ਰਿਪੋਰਟ ਦਾ ਹਵਾਲਾ ਦੇ ਰਹੀ ਹੈ, ਜਿਸ ਨੂੰ ਪਾਰਲੀਮੈਂਟ 'ਚ ਰੱਖਿਆ ਗਿਆ ਸੀ, ਜੋ ਮੂਹਰਲੇ ਇਲਾਕਿਆਂ 'ਚ ਜਵਾਨਾਂ ਲਈ ਮੂਲ ਕੱਪੜਿਆਂ ਸਮੇਤ ਸਪਲਾਈ ਦੀ ਕਮੀ ਬਾਰੇ ਹੈ। ਸਚਾਈ ਇਹ ਹੈ ਕਿ ਰਿਪੋਰਟ ਇਹ ਮੌਜੂਦਾ ਸਮੇਂ ਦਾ ਵਰਣਨ ਨਹੀਂ ਕਰਦੀ, ਸਗੋਂ 3 ਜਾਂ 4 ਸਾਲ ਪਹਿਲਾਂ ਦੀ ਸਥਿਤੀ ਬਾਰੇ ਹੈ। ਅਜਿਹੇ ਅੱਧੇ ਸੱਚ ਸਾਬਕਾ ਫੌਜੀਆਂ ਦੀਆਂ ਸਹੀ ਮੰਗਾਂ ਦੀ ਭਰੋਸੇ ਯੋਗਤਾ ਨੂੰ ਵੀ ਸੱਟ ਮਾਰ ਰਹੇ ਹਨ।



ਭਾਜਪਾ ਬੁਲਾਰੇ ਨੇ ਕਿਹਾ:

## ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਬਾਦਲ ਅਕਾਲੀ ਦਲ ਦੇ ਬੁਲਾਰੇ ਵਾਂਗ ਕੰਮ ਨਾ ਕਰਨ

ਲੁਧਿਆਣਾ, 19 ਨਵੰਬਰ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਕਿਸਾਨ ਮੋਰਚਾ ਦੇ ਸੂਬਾ ਸਕੱਤਰ ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਜਥੇਦਾਰ ਅਕਾਲ ਤਖ਼ਤ ਗਿਆਨੀ ਹਰਪ੍ਰੀਤ ਸਿੰਘ ਨੂੰ ਸਲਾਹ ਦਿੰਦਿਆਂ ਕਿਹਾ ਕਿ ਉਹ ਅਕਾਲੀ ਦਲ ਦੇ ਬਾਦਲ ਦੇ ਬੁਲਾਰੇ ਵਜੋਂ ਕੰਮ ਕਰਨਾ ਬੰਦ ਕਰਨ, ਕਿਉਂਕਿ ਉਹ ਸਿੱਖਾਂ ਦੀ ਸਰਬ ਉਚ ਸੰਸਥਾ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਨ, ਉਨ੍ਹਾਂ ਨੂੰ ਆਪਣੀ ਧਾਰਮਿਕ ਜ਼ਿੰਮੇਵਾਰੀ ਨਿਰਪੱਖ ਤਰੀਕੇ ਨਾਲ ਨਿਭਾਉਣੀ ਚਾਹੀਦੀ ਹੈ।

ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਦਿੱਲੋਂ ਸਤਿਕਾਰ ਕਰਦੇ ਹਨ, ਪ੍ਰੰਤੂ ਸਰਬ ਉਚ ਤਖ਼ਤ ਦੇ ਮੰਚ ਨੂੰ ਰਾਜਨੀਤੀ ਲਈ ਵਰਤਣ ਨਾਲ ਉਨ੍ਹਾਂ ਦੇ ਮਨ ਨੂੰ ਠੇਸ ਪੁੱਜੀ ਹੈ। ਉਨ੍ਹਾਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਸ੍ਰੀ ਅਕਾਲ ਤਖ਼ਤ ਨੂੰ ਰਾਜਨੀਤੀ ਦਾ ਅਖਾੜਾ ਨਾ ਬਣਨ ਦਿੱਤਾ ਜਾਵੇ, ਸਗੋਂ ਇਸ ਤਖ਼ਤ ਦੇ ਸਨਮਾਨ ਤੇ ਮਰਿਆਦਾ ਨੂੰ ਕਾਇਮ ਰੱਖਿਆ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਨੇ ਲਗਾਤਾਰ ਕਈ ਵਰ੍ਹੇ ਖਾੜਕੂਵਾਦ ਦਾ ਸੰਤਾਪ ਝੱਲਿਆ ਹੈ, ਜਿਸ ਵਿੱਚ ਹਜ਼ਾਰਾਂ ਪੰਜਾਬੀ ਮਾਰੇ ਗਏ ਤੇ ਓਦੋਂ ਦਾ ਕਰਜ਼ਾਈ ਹੋਇਆ ਪੰਜਾਬ ਅੱਜ ਤੱਕ ਕਰਜ਼ਾ ਮੁਕਤ ਨਹੀਂ ਹੋ ਸਕਿਆ। ਗਰੇਵਾਲ ਨੇ ਕਿਹਾ ਕਿ ਜਥੇਦਾਰ ਸਾਹਿਬ ਵੱਲੋਂ ਕਦੇ ਭਾਜਪਾ ਦੀ ਜਿੱਤ ’ਤੇ ਸਵਾਲ ਉਠਾਉਣਾ ਤੇ ਕਦੇ ਖ਼ਾਲਿਸਤਾਨ ਦੀ ਮੰਗ ਦਾ ਸਮਰਥਨ ਕਰਨਾ ਉਚਿਤ ਨਹੀਂ ਹੈ, ਇਹ ਜਥੇਦਾਰ ਦਾ ਕੰਮ ਨਹੀਂ ਹੈ।

## ਠੋਸ ਕੂੜਾ ਸਾਂਭਣ ਤੋਂ ਅਸਫਲ ਨਗਰ ਪਾਲਿਕਾਵਾਂ ਦੀ ਬੈਂਕ ਗਾਰੰਟੀ ਜ਼ਬਤ ਕਰਨ ਦੇ ਹੁਕਮ

ਜਲੰਧਰ, 19 ਨਵੰਬਰ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਸੇਵਾਮੁਕਤ ਜਸਟਿਸ ਜਸਬੀਰ ਸਿੰਘ ਦੀ ਅਗਵਾਈ ਹੇਠ ਬਣਾਈ ਗਈ ਨਿਗਰਾਨ ਕਮੇਟੀ ਦੀ ਆਨਲਾਈਨ ਮੀਟਿੰਗਕੱਲ੍ਹ ਹੋਈ। ਇਸ ਵਿੱਚ ਉਨ੍ਹਾਂ ਮਿੱਥੇ ਸਮੇਂ ਵਿੱਚ ਠੋਸ ਕੂੜਾ ਸੰਭਾਲਣ ਦਾ ਕੋਈ ਪ੍ਰਬੰਧ ਨਾ ਕਰਨ ਵਾਲੀਆਂ ਨਗਰ ਕੌਂਸਲਾਂ ’ਤੇ ਸ਼ਿਕੰਜਾ ਕੱਸਦਿਆਂ ਬੈਂਕ ਗਾਰੰਟੀਆਂ ਜ਼ਬਤ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।




ਇਸ ਮੀਟਿੰਗ ਵਿੱਚ ਨਿਗਰਾਨ ਕਮੇਟੀ ਦੇ ਮੈਂਬਰ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੁਝਾਅ ਦਿੱਤਾ ਕਿ ਸਮੁੱਚੇ ਪੰਜਾਬ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਪਿੰਡਾਂ ਤੇ ਸ਼ਹਿਰਾਂ ਦੋਵੇਂ ਥਾਵਾਂ ਤੋਂ ਠੋਸ ਕੂੜੇ ਨੂੰ ਘਰ-ਘਰ ਤੋਂ ਚੁੱਕਣ ਦਾ ਪ੍ਰਬੰਧ ਕੀਤਾ ਜਾਵੇ। ਮੀਟਿੰਗ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਨਗਰ ਕੌਂਸਲ ਬਨੂੜ ਅਤੇ ਜ਼ੀਰਕਪੁਰ ਦੀ ਦੋ-ਦੋ ਲੱਖ ਰੁਪਏ ਦੀ ਬੈਂਕ ਗਾਰੰਟੀ ਜ਼ਬਤ ਕਰਨ ਦੀ ਹਦਾਇਤ ਕੀਤੀ ਗਈ ਹੈ। ਇਹ ਕਮੇਟੀਆਂ ਦਿੱਤੇ ਤਿੰਨ ਮਹੀਨੇ ਦੇ ਸਮੇਂ ਵਿੱਚ ਸੌ ਫੀਸਦੀ ਕੂੜਾ ਨਿਬੇੜਨ ਦਾ ਕੰਮ ਪੂਰਾ ਨਹੀਂ ਕਰ ਸਕੀਆਂ। ਨਯਾ ਗਾਉਂਨਗਰ ਕੌਂਸਲ ਦੀ ਦੋ ਲੱਖ ਦੀ ਬੈਂਕ ਗਾਰੰਟੀ ਕੰਪੋਜ਼ਡ ਪਿਟਸ ਨਾ ਬਣਾਉਣ ਕਰ ਕੇ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ ਹਨ ਅਤੇ ਇੱਕ ਲੱਖ ਦੀ ਬੈਂਕ ਗਾਰੰਟੀ ਹੋਰ ਜਮ੍ਹਾਂ ਕਰਾਉਣ ਨੂੰ ਕਿਹਾ ਗਿਆ ਹੈ। ਲਾਲੜੂ ਦੀ ਮਿਊਂਸਪਲ ਕਮੇਟੀ ਨੂੰ ਕੂੜੇ ਦੇ ਢੇਰ ਹਟਾਉਣ ਲਈ 31 ਦਸੰਬਰ 2020 ਤੱਕ ਸਮਾਂ ਦਿੱਤਾ ਗਿਆ ਅਤੇ ਇੱਕ ਲੱਖ ਦੀ ਬੈਂਕ ਗਾਰੰਟੀ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਹੈ।ਇਸੇ ਤਰ੍ਹਾਂ ਨਗਰ ਨਿਗਮ ਮੁਹਾਲੀ ਨੂੰ ਦੋ ਲੱਖ ਰੁਪਏ ਬੈਂਕ ਗਾਰੰਟੀ ਤੇ ਕੁਰਾਲੀ ਤੋਂ ਬਿਨਾ ਬਾਕੀ ਜ਼ਿਲ੍ਹੇ ਦੀਆਂ ਸਾਰੀਆਂ ਨਗਰ ਕੌਂਸਲਾਂ ਨੂੰ ਇੱਕ-ਇੱਕ ਲੱਖ ਰੁਪਏ ਬੈਂਕ ਗਾਰੰਟੀ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ।

## ਬਹਿਬਲ ਕਲਾਂ ਗੋਲੀਕਾਂਡ ਮਾਮਲ ਵਿਚ ਐਸ ਪੀ ਬਿਕਰਮਜੀਤ ਸਣੇ 4 ਜਣਿਆਂ ਨੂੰ ਅਦਾਲਤ ਪੇਸ਼ ਹੋਣ ਦੇ ਹੁਕਮ

ਫਰੀਦਕੋਟ, 19 ਨਵੰਬਰ (ਪੋਸਟ ਬਿਊਰੋ)- ਜੁਡੀਸ਼ਲ ਮੈਜਿਸਟ੍ਰੇਟ ਸੁਰੇਸ਼ ਕੁਮਾਰ ਦੀ ਅਦਾਲਤ ਨੇ ਬਹਿਬਲ ਕਲਾਂ ਗੋਲੀਕਾਂਡ ਦੇ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਐਸ ਪੀ ਬਿਕਰਮਜੀਤ ਸਿੰਘ ਅਤੇ ਥਾਣਾ ਬਾਜਾਖਾਨਾ ਦੇ ਸਾਬਕਾ ਐਸ ਐਚ ਓ ਅਮਰਜੀਤ ਸਿੰਘ ਕੁਲਾਰ, ਪੰਕਜ ਮੋਟਰਜ਼ ਦੇ ਮਾਲਕ ਪੰਕਜ ਬਾਂਸਲ ਅਤੇ ਸੁਹੇਲ ਸਿੰਘ ਬਰਾੜ ਨੂੰ ਅਦਾਲਤ ਪੇਸ਼ ਹੋਣ ਦਾ ਹੁਕਮ ਦਿੱਤਾ ਸੀ। ਪਰਸੋਂ ਇਲਾਕਾ ਮੈਜਿਸਟ੍ਰੇਟ ਸੁਰੇਸ਼ ਕੁਮਾਰ ਛੁੱਟੀ ਉੱਤੇ ਹੋਣ ਕਾਰਨ ਕਾਰਵਾਈ ਨਹੀਂ ਹੋ ਸਕੀ ਅਤੇ ਕੱਲ੍ਹ ਇਸ ਅਦਾਲਤ ਦੀ ਫਾਈਲ ਜੁਡੀਸ਼ਲ ਮੈਜਿਸਟ੍ਰੇਟ ਚੇਤਨ ਸ਼ਰਮਾ ਦੀ ਅਦਾਲਤ ਵਿੱਚ ਪੇਸ਼ ਕੀਤੀ ਗਈ।



ਮਿਲੀ ਜਾਣਕਾਰੀ ਅਨੁਸਾਰ ਵਿਸ਼ੇਸ਼ ਜਾਂਚ ਟੀਮ ਨੇ 9 ਅਕਤੂਬਰ ਨੂੰ ਐਸ ਪੀ ਬਿਕਰਮਜੀਤ ਸਿੰਘ, ਬਾਜਾਖਾਨਾ ਦੇ ਸਾਬਕਾ ਐਸ ਐਚ ਓ ਅਮਰਜੀਤ ਸਿੰਘ ਕੁਲਾਰ, ਪੰਕਜ ਮੋਟਰਜ਼ ਦੇ ਮਾਲਕ ਪੰਕਜ ਬਾਂਸਲ ਅਤੇ ਸੁਹੇਲ ਸਿੰਘ ਬਰਾੜ ਦੇ ਖ਼ਿਲਾਫ਼ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਸੀ, ਪਰ ਉਸ ਦਿਨ ਅਮਰਜੀਤ ਸਿੰਘ ਕੁਲਾਰ, ਪੰਕਜ ਬਾਂਸਲ, ਬਿਕਰਮਜੀਤ ਸਿੰਘ ਅਤੇ ਸੁਹੇਲ ਸਿੰਘ ਬਰਾੜ ਅਦਾਲਤ ਵਿੱਚ ਪੇਸ਼ ਨਹੀਂ ਹੋਏ ਸਨ, ਜਿਸ ਉੱਤੇ ਅਦਾਲਤ ਨੇ 25 ਨਵੰਬਰ ਲਈ ਐਸ ਪੀ ਬਿਕਰਮਜੀਤ ਸਿੰਘ ਅਤੇ ਥਾਣਾ ਬਾਜਾਖਾਨਾ ਦੇ ਸਾਬਕਾ ਐਸ ਐਚ ਓ ਅਮਰਜੀਤ ਸਿੰਘ ਕੁਲਾਰ ਅਤੇ ਸੁਹੇਲ ਸਿੰਘ ਬਰਾੜ ਨੂੰ ਦੁਬਾਰਾ ਨੋਟਿਸ ਜਾਰੀ ਕਰ ਕੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਅਦਾਲਤ ਵਿੱਚ ਪੰਕਜ ਮੋਟਰਜ਼ ਦੇ ਮਾਲਕ ਪੰਕਜ ਬਾਂਸਲ ਨੂੰ ਪੁਲਸ ਹਿਰਾਸਤ ਵਿੱਚ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਵਿਸ਼ੇਸ਼ ਜਾਂਚ ਟੀਮ ਇਸ ਕੇਸ ਵਿੱਚ ਆਈ ਜੀ ਪਰਮਰਾਜ ਸਿੰਘ ਉਮਰਾ ਨੰਗਲ ਅਤੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਨੂੰ ਵੀ ਦੋਸ਼ੀ ਨਾਮਜ਼ਦ ਕਰ ਚੁੱਕੀ ਹੈ।

## ਪੰਜਾਬ ਸਰਕਾਰ ਨੇ ਟੈਲੀਕਾਮ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਲਈ ‘ਸਿੰਗਲ ਵਿੰਡੋ ਨੀਤੀ’ ਪਾਸ ਕੀਤੀ

ਚੰਡੀਗੜ੍ਹ, 19 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਟੈਲੀਕਮਿਊਨੀਕੇਸ਼ਨ ਦੇ ਬੁਨਿਆਦੀ ਢਾਂਚੇ ਨੂੰ ਤਕੜਾ ਕਰਨ ਲਈ ‘ਸਿੰਗਲ ਵਿੰਡੋ ਨੀਤੀ’ ਹੇਠ ਨਵੇਂ ਨਿਰਦੇਸ਼ਾਂ ਨੂੰ ਪ੍ਰਵਾਨ ਕਰ ਲਿਆ ਹੈ, ਤਾਂ ਜੋ ਇਸ ਦੇ ਮੌਜੂਦਾ ਸਟੈਂਡਰਡਜ਼ ਨੂੰ ਬਦਲਿਆਂ ਜਾ ਸਕੇ। ਨਵੇਂ ਨਿਰਦੇਸ਼ 5 ਦਸੰਬਰ 2013 ਅਤੇ 11 ਦਸੰਬਰ 2015 ਨੂੰ ਨੋਟੀਫਾਈ ਹੋਈ ਟੈਲੀਕਾਮ ਨੀਤੀ ਦੀ ਥਾਂ ਲੈਣਗੇ। ਇਸ ਨੀਤੀ ਨੂੰ ‘ਰਾਈਟ ਆਫ ਵੇਅ ਰੂਲਜ਼-2016’ ਨਾਲ ਜੋੜਿਆ ਗਿਆ ਹੈ।

ਇਸ ਫੈਸਲੇ ਨਾਲ ਰਜਿਸਟਰਡ ਟੈਲੀਕਾਮ ਆਪ੍ਰੇਟਰਾਂ/ਬੁਨਿਆਦੀ ਢਾਂਚਾ ਪ੍ਰੋਵਾਈਡਰਾਂ ਨੂੰ ਸਰਕਾਰੀ/ਪ੍ਰਾਈਵੇਟ ਇਮਾਰਤਾਂ ਤੇ ਜ਼ਮੀਨਾਂ ’ਤੇ ਟੈਲੀਕਾਮ ਟਾਵਰਜ਼/ਮਸਤੂਲ/ਖੰਭੇ ਆਦਿ ਲਾਉਣ ਦੀ ਮਨਜ਼ੂਰੀ ਮਿਲਣ ਵਿੱਚ ਤੇਜ਼ੀ ਆਏਗੀ ਅਤੇ ‘ਰਾਈਟ ਆਫ ਵੇਅ’ (ਆਰ ਓ ਡਬਲਯੂ) ਕਲੀਅਰੈਂਸ ਨਾਲ ਆਪਟੀਕਲ ਫਾਈਬਰ ਕੇਬਲਜ਼ ਆਦਿ ਵਿਛਾਉਣ ਦੀ ਮਨਜ਼ੂਰੀ ਤੇਜ਼ ਗਤੀ ਨਾਲ ਮਿਲੇਗੀ। ਇਨ੍ਹਾਂ ਮਨਜ਼ੂਰੀਆਂ ਦੀ ਸਰਟੀਫਿਕੇਸ਼ਨ ਹੱਦ ਦਾ ਸਮਾਂ ਵਧਣ ਦੇ ਨਾਲ ਏਅਰਪੋਰਟ ਅਥਾਰਟੀ ਆਫ ਇੰਡੀਆ (ਏ ਏ ਆਈ) ਤੋਂ ਐਨ ਓ ਸੀ (ਕੋਈ ਇਤਰਾਜ਼ ਨਹੀਂ ਸਰੀਫਿਕੇਟ) ਦੀ ਲੋੜ ਨਹੀਂ ਹੈ। ਨਵੀਂ ਨੀਤੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਕੰਪਨੀਆਂ ਨੂੰ ਜੈਨਰੇਟਰ ਸੈਟ ਲਾਉਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਤੋਂ ਐਨ ਓ ਸੀ ਦੀ ਲੋੜ ਵੀ ਨਹੀਂ ਰਹੇਗੀ। ਮੌਜੂਦਾ ਫੀਸ ਢਾਂਚੇ ਨੂੰ ਤਰਕਸੰਗਤ ਬਣਾਇਆ ਜਾਵੇਗਾ, ਜਿਸ ਹੇਠ ਇਕੱਠੀ ਫੀਸ, ਸਾਲਾਨਾ ਯੂਜ਼ਰ ਫੀਸ, ਸ਼ੇਅਰਿੰਗ ਫੀਸ ਅਤੇ ਹਰੇਕ ਪੰਜ ਸਾਲ ਪਿੱਛੋਂਇਨ੍ਹਾਂ ਖ਼ਰਚਿਆਂ ਵਿੱਚ ਵਾਧਾ ਕਰਨ ਦੀ ਥਾਂ ਅੱਗੇ ਤੋਂ ਪ੍ਰਤੀ ਟਾਵਰ 10 ਹਜ਼ਾਰ ਰੁਪਏ ਪ੍ਰਬੰਧਕੀ ਫੀਸ ਵਜੋਂ ਇਕੱਠੇ ਲਏ ਜਾਣਗੇ।

ਪੰਜਾਬ ਸਰਕਾਰ ਦੀਆਂ ਮਨਜ਼ੂਰੀਆਂ ਦੀ ਮਿਆਦ ਪਹਿਲੇ 10 ਸਾਲਾਂ ਤੋਂ ਵਧਾ ਕੇ 20 ਸਾਲ ਕਰ ਦਿੱਤੀ ਗਈ ਹੈ। ਪ੍ਰਾਸੈਸ ਨੂੰ ਸਰਲ ਬਣਾਉਣ ਦੇ ਲਈ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਟੈਲੀਕਾਮ ਟਾਵਰ ਲਾਉਣ ਸਬੰਧੀ ਹਦਾਇਤਾਂ ਅਨੁਸਾਰ 1-ਐਮ ਵੀ ਏ ਸਮਰੱਥਾ ਤੱਕ ਦੇ ਜੈਨਰੇਟਰ ਸੈਟ ਸਥਾਪਿਤ ਕਰਨ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਤੋਂ ਐਨ ਓ ਸੀ ਦੀ ਸ਼ਰਤ ਵੀ ਖਤਮ ਕਰ ਦਿੱਤੀ ਗਈ ਹੈ।

## ਪਾਵਨ ਸਰੂਪਾਂ ਦੇ ਗਾਇਬ ਹੋਣ ਬਾਰੇ ਸੁਣਵਾਈ ਨਾ ਹੋਣ ਨਾਲ ਸਿੱਖ ਜਥੇਬੰਦੀਆਂ ਵਿੱਚ ਰੋਸ

ਅੰਮ੍ਰਿਤਸਰ, 19 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਅਣਮਿੱਥੇ ਸਮੇਂ ਲਈ ਧਰਨੇ ’ਤੇ ਬੈਠੇ ਸਿੱਖ ਸਦਭਾਵਨਾ ਦਲ ਦੇ ਮੁਖੀ ਬਲਦੇਵ ਸਿੰਘ ਵਡਾਲਾ ਨੇ ਆਖਿਆ ਕਿ ਕੋਈ ਸੁਣਵਾਈ ਨਾ ਹੋਣ ਕਾਰਨ ਸੰਘਰਸ਼ ਦਾ ਅਗਲਾ ਫੈਸਲਾ ਲੈਣ ਲਈ 6 ਦਸੰਬਰ ਨੂੰ ਵੱਡਾ ਇਕੱਠ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਸਿੱਖ ਸਦਭਾਵਨਾ ਦਲ ਅਤੇ ਗੁਰਦੁਆਰਾ ਅਕਾਲੀ ਬੁੰਗਾ ਦੇ ਕਾਰਕੁਨਾਂ ਵੱਲੋਂ ਕਈ ਦਿਨਾਂ ਤੋਂ ਹੈਰੀਟੇਜ ਸਟਰੀਟ ਵਿੱਚ ਅਣਮਿੱਥੇ ਸਮੇਂ ਲਈ ਧਰਨਾ ਲਾਇਆ ਹੋਇਆ ਹੈ। ਉਨ੍ਹਾਂ ਦੀ ਮੰਗ ਹੈ ਕਿ ਲਾਪਤਾ ਪਾਵਨ ਸਰੂਪਾਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਸੰਗਤ ਨੂੰ ਜਾਣਕਾਰੀ ਦੇਵੇ ਤੇ ਦੋਸ਼ੀਆਂ ਦੇ ਖਿਲਾਫ ਪੁਲਸ ਕੇਸ ਦਰਜ ਕੀਤਾ ਜਾਵੇ। ਇਸੇ ਬਾਰੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਦਫਤਰ ਨੇੜੇ ਲਗਭਗ 40 ਦਿਨ ਧਰਨਾ ਦਿੱਤਾ ਗਿਆ ਸੀ।ਇਥੇ ਮੀਡੀਆ ਨਾਲ



ਗੱਲਬਾਤ ਦੌਰਾਨ ਭਾਈ ਵਡਾਲਾ ਨੇ ਕਿਹਾ ਕਿ ਸਿੱਖ ਕਾਰਕੁੰਨ ਚਾਰ ਨਵੰਬਰ ਤੋਂ ਹੈਰੀਟੇਜ ਸਟਰੀਟ ਵਿੱਚ ਧਰਨੇ ’ਤੇ ਬੈਠੇ ਹਨ, ਪਰ ਹਾਲੇ ਕੋਈ ਕਾਰਵਾਈ ਨਹੀਂ ਹੋਈ। ਇਸ ਕੇਸ ਦੀ ਜਾਂਚ ਰਿਪੋਰਟ ਵਿੱਚ ਸ਼੍ਰੋਮਣੀ ਕਮੇਟੀ ਮੰਨ ਚੁੱਕੀ ਹੈ ਕਿ ਰਿਕਾਰਡ ਵਿੱਚੋਂ 328 ਸਰੂਪ ਘੱਟ ਹਨ। ਇਸੇ ਤਰ੍ਹਾਂ ਸਰੂਪ ਵੇਚਣ ਵਿੱਚ ਹੇਰਾ ਫੇਰੀ ਅਤੇ ਅਗਨ ਭੇਟ ਹੋਏ ਸਰੂਪਾਂ ਦੀ ਗਿਣਤੀ ਵੀ ਗਲਤ ਦੱਸੀ ਗਈ ਹੈ। ਸਮੁੱਚੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਸ਼ੱਕ ਦੇ ਘੇਰੇ ਵਿੱਚ ਹੈ। ਉਨ੍ਹਾਂ ਸ਼ੱਕ ਪ੍ਰਗਟਾਇਆ ਕਿ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੀ ਮਿਲੀ ਭੁਗਤ ਕਾਰਨ ਪੁਲਸ ਕੇਸ ਦਰਜ ਨਹੀਂ ਕਰ ਰਹੀ। ਇਸੇ ਲਈ ਛੇ ਦਸੰਬਰ ਨੂੰ ਇਥੇ ਪੰਥਕ ਇਕੱਠ ਸੱਦਿਆ ਹੈ।






## ਅਨੁਰਾਗ-ਜੈਰਾਮ ਦੀ ਆਪਸੀ ਕੁੜੱਤਣ ਬਾਰੇ ਭਾਜਪਾ ਹਾਈਕਮਾਨ ਨੇ ਰਿਪੋਰਟ ਮੰਗੀ



ਸ਼ਿਮਲਾ, 19 ਨਵੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਵਿੱਚ ਸੈਂਟਰਲ ਯੂਨੀਵਰਸਿਟੀ ਬਣਾਉਣ ਬਹਾਨੇ ਮੁੱਖ ਮੰਤਰੀ ਜੈਰਾਮ ਠਾਕੁਰ ਅਤੇ ਕੇਂਦਰੀ ਵਿੱਤ ਰਾਜ ਮੰਤਰੀ ਅਨੁਰਾਗ ਠਾਕੁਰ ਵਿਚਾਲੇ ਜਸਵਾਂ-ਪਰਾਗਪੁਰ ਵਿਧਾਨ ਸਭਾ ਖੇਤਰ ਵਿੱਚ ਇੱਕ ਜਲਸੇ ਦੌਰਾਨ ਹੋਈ ਤਲਖੀ ਬਾਰੇ ਭਾਜਪਾ ਹਾਈ ਕਮਾਨ ਗੰਭੀਰ ਹੋ ਗਈ ਹੈ।

ਪਤਾ ਲੱਗਾ ਹੈ ਕਿ ਦੋਵਾਂ ਅਹਿਮ ਲੀਡਰਾਂ ਨੇ ਜਨਤਕ ਮੰਚ ’ਤੇ ਦਿੱਤੇ ਭਾਸ਼ਣਾਂ ਦੇ ਰਾਹੀਂ ਜੋ ਸਿਆਸੀ ਤੀਰ ਛੱਡੇ ਹਨ, ਉਸ ਨਾਲ ਇਸ ਰਾਜ ਵਿੱਚ ਭਾਜਪਾ ਦੀ ਧੜੇਬਾਜੀ ਭਵਿੱਖ ਵਿੱਚ ਵਧ ਸਕਦੀ ਹੈ। ਏਸੇ ਲਈ ਭਾਜਪਾ ਦੇ ਪ੍ਰਧਾਨ ਜੇ ਪੀ ਨੱਡਾ ਨੇ ਆਪਣੇ ਗ੍ਰਹਿ ਰਾਜ ਦੇ ਇਸ ਮਸਲੇ ’ਤੇ ਗੰਭੀਰ ਰੁਖ ਅਪਣਾਇਆ ਹੈ। ਜਾਣਕਾਰ ਸੂਤਰਾਂ ਮੁਤਾਬਕ ਹਾਈਕਮਾਨ ਨੇ ਇਸ ਵਿਸ਼ੇ ’ਤੇ ਨਵੇਂ ਨਿਯੁਕਤ ਭਾਜਪਾ ਇੰਚਾਰਜ ਅਵਿਨਾਸ਼ ਰਾਏ ਖੰਨਾ ਤੋਂ ਰਿਪੋਰਟ ਮੰਗੀ ਹੈ।ਦੱਸਿਆ ਜਾਂਦਾ ਹੈ ਕਿ ਅਵਿਨਾਸ਼ ਰਾਏ ਖੰਨਾ ਨੇ ਇਸ ਬਾਰੇ ਮੁੱਖ ਮੰਤਰੀ ਜੈਰਾਮ ਠਾਕੁਰ ਅਤੇ ਕੇਂਦਰੀ ਵਿੱਤ ਰਾਜ ਮੰਤਰੀ ਅਨੁਰਾਗ ਠਾਕੁਰ ਨਾਲ ਵੀ ਗੱਲ ਕੀਤੀ ਹੈ ਅਤੇ ਆਪਣੀ ਰਿਪੋਰਟ ਤਿਆਰ ਕਰ ਰਹੇ ਹਨ।

## ਕੋਰੋਨਾ ਦੇ ਕਾਰਨ ਕੇਂਦਰੀ ਮੰਤਰਾਲਿਆਂ ਤੇ ਵਿਭਾਗਾਂ ਦੇ ਬੱਜਟ ਵਿੱਚ 30 ਫ਼ੀਸਦੀ ਕਟੌਤੀ

ਨਵੀਂ ਦਿੱਲੀ, 19 ਨਵੰਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਾ ਅਸਰ ਇਸ ਵਾਰ ਭਾਰਤ ਦੇ ਬਜਟ ’ਤੇ ਵੀ ਸਪੱਸ਼ਟ ਦੇਖਿਆ ਜਾ ਰਿਹਾ ਹੈ। ਇਸ ਬਾਰੇ ਕੁਝ ਮੰਤਰਾਲਿਆਂ ਅਤੇ ਵਿਭਾਗਾਂ ਦੇ ਬੱਜਟ ਵਿੱਚ 25-30 ਫੀਸਦੀ ਤੱਕ ਦੀ ਕਟੌਤੀ ਕੀਤੀ ਗਈ ਹੈ। ਸਿਰਫ਼ ਜ਼ਰੂਰੀ ਗਤੀਵਿਧੀਆਂ ਵਾਲੇ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਪੂਰਾ ਬਜਟ ਮਿਲ ਰਿਹਾ ਹੈ, ਜਿਵੇਂ ਹੈਲਥ ਕੇਅਰ, ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਅਤੇ ਆਤਮ ਨਿਰਭਰ ਭਾਰਤ। ਇਸ ਕਾਰਨ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਦਿੱਤੇ ਜਾਣ ਵਾਲੇ ਕਈ ਭੁਗਤਾਨ ਵੀ ਰੋਕੇ ਜਾ ਰਹੇ ਹਨ।



ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕੇਂਦਰੀ ਮੰਤਰੀਆਂ ਨੂੰ ਕਿਹਾ ਹੈ ਕਿ ਉਹ ਸਾਰੇ ਰਿਵਾਈਜ਼ਡ ਐਲੋਕੇਸ਼ਨ ਦੇ ਹਿਸਾਬ ਨਾਲ ਖ਼ਰਚੇ ਕਰਨ। ਵਿੱਤੀ ਸਾਲ 2021 ਲਈ ਬੱਜਟ ਵਿੱਚ ਕੁਲ 30,42,230 ਕਰੋੜ ਰੁਪਏ ਖਰਚਣ ਲਈ ਦਿੱਤੇ ਗਏ ਸਨ ਅਤੇ ਅਪ੍ਰੈਲ ਤੋਂ ਸਤੰਬਰ ਤੱਕ ਇਸ ਵਿੱਚੋਂ 48.6 ਫੀਸਦੀ (14,79,410 ਕਰੋੜ ਰੁਪਏ) ਖਰਚੇ ਗਏ ਹਨ। ਆਸ ਕੀਤੀ ਜਾਂਦੀ ਹੈ ਕਿ ਕੋਰੋਨਾ ਦਾ ਅਸਰ ਅਗਲੇ ਸਾਲ ਦੇ ਬਜਟ ’ਤੇ ਵੀ ਪੈ ਸਕਦਾ ਹੈ ਜਿਸ ਨੂੰ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।ਅਜੇ ਰਿਵਾਈਜ਼ਡ ਬੱਜਟ ਵਿੱਚ ਹੈਲਥ ਸੈਕਟਰ ਲਈ ਹੋਣ ਵਾਲੇ ਖਰਚਿਆਂ ਅਤੇ ਡਿਫੈਂਸ ਦੀ ਖਰੀਦ ਨੂੰ ਸਭ ਤੋਂ ਉਤੇ ਰੱਖਿਆ ਗਿਆ ਹੈ। ਬੱਜਟ ਵਿੱਚ ਕਟੌਤੀ ਇਸ ਉੱਤੇ ਵੀ ਨਿਰਭਰ ਕਰਦੀ ਹੈ ਕਿ ਕਿਸੇ ਮੰਤਰਾਲੇ ਨੇ ਕਿੰਨਾ ਪੈਸਾ ਖਰਚ ਕੀਤਾ ਹੈ। ਨਵੇਂ ਬਣੇ ਮੰਤਰਾਲੇ ਜਲ ਸ਼ਕਤੀ ਨੇ ਸਿਰਫ 33 ਫੀਸਦੀ ਬਜਟ ਖਰਚ ਕੀਤਾ ਹੈ, ਜਿਸ ਨੂੰ 30 ਹਜ਼ਾਰ ਕਰੋੜ ਰੁਪਏ ਦਿੱਤੇ ਗਏ ਸੀ। ਪਾਵਰ ਮਿਨਿਸਟਰੀ ਨੇ ਸਿਰਫ਼ 28 ਫ਼ੀਸਦੀ ਬੱਜਟ ਖਰਚ ਕੀਤਾ ਹੈ।

## ਅਮਿਤ ਸ਼ਾਹ ਦੀ ‘ਗੁਪਕਾਰ ਗੈਂਗ’ ਟਿੱਪਣੀ ਨੇ ਭਾਰਤ ਦੇਸ਼ ਦਾ ਸਿਰ ਨੀਵਾਂ ਕੀਤਾ: ਸੋਜ਼



ਸ੍ਰੀਨਗਰ, 19 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਜੰਮੂ ਕਸ਼ਮੀਰ ਦੀਆਂ ਸਿਆਸੀ ਪਾਰਟੀਆਂ ਦੇ ਗਠਜੋੜ ਨੂੰ ‘ਗੈਂਗ’ ਕਹੇ ਜਾਣ ਦੀ ਆਲੋਚਨਾ ਕਰਦਿਆਂ ਕਾਂਗਰਸ ਆਗੂ ਸੈਫੂਦੀਨ ਸੋਜ਼ ਨੇ ਕਿਹਾ ਹੈ ਕਿ ਅਮਿਤ ਸ਼ਾਹ ਨੇ ਭਾਰਤ ਅਤੇ ਇਸ ਦੇ ਲੋਕਤੰਤਰ ਨੂੰ ਨੀਵਾਂ ਦਿਖਾਇਆ ਹੈ।

ਵਰਨਣ ਯੋਗ ਹੈ ਕਿ ਪਰਸੋਂ ਅਮਿਤ ਸ਼ਾਹ ਨੇ ਟਵੀਟ ਕਰ ਕੇ ਜੰਮੂ ਕਸ਼ਮੀਰ ਨੂੰ ਭਾਰਤ ਦਾ ਅਨਿੱਖੜਵਾਂ ਹਿੱਸਾ ਦੱਸ ਕੇ ਇਸ ਕੇਂਦਰੀ ਸ਼ਾਸਤ ਪ੍ਰਦੇਸ਼ ਦੀਆਂ ਸਿਆਸੀ ਪਾਰਟੀ ਦੇ ਗਠਜੋੜ ਨੂੰ ‘ਗੁਪਕਾਰ ਗੈਂਗ’ ਕਰਾਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਇਹ ਦੇਸ਼ ਦੇ ਕੌਮੀ ਹਿੱਤਾਂ ਦੇ ਖਿਲਾਫ ‘ਅਪਵਿੱਤਰ ਸੰਸਾਰ ਪੱਧਰੀ ਗਠਜੋੜ’ ਹੈ। ਉਨ੍ਹਾਂ ਕਾਂਗਰਸ ਆਗੂਆਂ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਸਵਾਲ ਕੀਤਾ ਸੀ ਕਿ ਕੀ ਉਹ ਗੁਪਕਾਰ ਐਲਾਨਨਾਮੇ ਵਾਲੇ ਲੋਕਾਂ ਦੇ ਗਠਜੋੜ ਨੂੰ ਹਮਾਇਤ ਦਿੰਦੇ ਹਨ ਜਾਂ ਨਹੀਂ। ਸੈਫੁਦੀਨ ਸੋਜ਼ ਨੇ ਬਿਆਨ ’ਚ ਕਿਹਾ, “ਇਹ ਬੜੀ ਮੰਦਭਾਗੀ ਗੱਲ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਇੰਨੇ ਨੀਵੇਂ ਡਿੱਗ ਗਏ ਕਿ ਉਨ੍ਹਾਂ ਕਸ਼ਮੀਰ ਦੀਆਂ ਮੁੱਖ ਧਾਰਾ ਵਾਲੀਆਂ ਪਾਰਟੀਆਂ ਨੂੰ ‘ਗੈਂਗ’ ਕਹਿ ਦਿੱਤਾ, ਸ਼ਾਹ ਨੇ ਭਾਰਤ ਅਤੇ ਉਸ ਦੀ ਲੋਕਤੰਤਰੀ ਦਿਖ ਨੂੰ ਢਾਹ ਲਾਈ ਹੈ।” ਉਨ੍ਹਾਂ ਕਿਹਾ ਕਿ ਕੇਂਦਰ ਦੀ ਹਾਕਮ ਪਾਰਟੀ ਭਾਜਪਾ ਨੇ ਆਪਣੇ ਆਪ ਨੂੰ ਜਮਹੂਰੀ ਪ੍ਰਣਾਲੀ ਦਾ ਇਕਲੌਤਾ ਰੱਖਿਅਕ ਦੱਸ ਕੇ ਪਹਿਲਾਂ ਹੀ ਦੇਸ਼ ਦੇ ਸਿਸਟਮ ਨੂੰ ਵੱਡਾ ਨੁਕਸਾਨ ਪੰਚਾਇਆ ਹੈ, ਜਦ ਕਿ ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਨੈਸ਼ਨਲ ਕਾਨਫਰੰਸ, ਕਾਂਗਰਸ, ਪੀ ਡੀ ਪੀ, ਪੀਪਲਜ਼ ਕਾਨਫਰੰਸ ਅਤੇ ਹੋਰ ਪਾਰਟੀਆਂ ਦੀਆਂ ਜਮਹੂਰੀ ਸਰਗਰਮੀਆਂ ਨੂੰ ਗ੍ਰਹਿ ਮੰਤਰੀ ਅਤੇ ਹੋਰ ਲੋਕ ਆਗੂ ਵੰਡ-ਪਾਊ ਕਿਵੇਂ ਆਖ ਸਕਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਜੰਮੂ ਕਸ਼ਮੀਰ ਅਤੇ ਕੇਂਦਰ ਵਿਚਾਲੇ ਸੰਵਿਧਾਨਕ ਸਬੰਧਾਂ ਨੂੰ ਝਟਕਾ ਲੱਗਾ ਹੈ ਤੇ ਇਹ ਨੁਕਸਾਨ ਪੂਰਾ ਨਹੀਂ ਕੀਤਾ ਜਾ ਸਕਦਾ।

## ਡਰਾਈਵਰ ਦੀ ਅੱਖ ਲੱਗਣ ਨਾਲ ਟਰੱਕ ਦੀ ਟੱਕਰ ਵਿੱਚ 11 ਮਰੇ, 16 ਜ਼ਖਮੀ



ਵਡੋਦਰਾ, 19 ਨਵੰਬਰ (ਪੋਸਟ ਬਿਊਰੋ)- ਗੁਜਰਾਤ ਦੇ ਵਡੋਦਰਾ ਸ਼ਹਿਰ ਦੇ ਬਾਹਰਲੇ ਇਲਾਕੇ ਵਿੱਚ ਕੱਲ੍ਹ ਸਵੇਰੇ ਇੱਕ ਮਿੰਨੀ ਟਰੱਕ ਦੀ ਕਿਸੇ ਹੋਰ ਟਰੱਕ ਨਾਲ ਹੋਈ ਟੱਕਰ ਵਿੱਚ ਘੱਟੋ ਘੱਟ 11 ਲੋਕਾਂ ਦੀ ਮੌਤ ਹੋ ਗਈ ਤੇ 16 ਹੋਰ ਜ਼ਖਮੀ ਹੋ ਗਏ। ਜ਼ਖਮੀ ਹੋਏ ਸਾਰੇ ਲੋਕ ਮਿੰਨੀ ਟਰੱਕ ਵਿੱਚ ਸਵਾਰ ਸਨ।

ਵਡੋਦਰਾ ਦੇ ਪੁਲਸ ਕਮਿਸ਼ਨਰ (ਡੀ ਸੀ ਪੀ) ਕਰਣਰਾਜ ਵਾਘੇਲਾ ਨੇ ਦੱਸਿਆ ਕਿ ਹਾਦਸਾ ਵਾਗੋਡੀਆ ਸਰਕਲ ’ਤੇ ਕੱਲ੍ਹ-ਪਰਸੋਂ ਦੀ ਦਰਮਿਆਨੀ ਰਾਤ ਤੜਕੇ ਪੌਣੇ ਤਿੰਨ ਵਜੇ ਹੋਇਆ। ਇਹ ਸਾਰੇ ਲੋਕ ਪੰਚਮਹਲ ਜ਼ਿਲ੍ਹੇ ਦੇ ਪਾਵਾਗੜ੍ਹ ਇਲਾਕੇ ਵਿੱਚ ਜਾ ਰਹੇ ਸਨ। ਸ਼ਹਿਰ ਦੇ ਐਸ ਐਸ ਜੀ ਹਸਪਤਾਲ ਦੇ ਬੁਲਾਰੇ ਨੇ ਦੱਸਿਆ ਕਿ ਘਟਨਾ ਵਿੱਚ ਪੰਜ ਔਰਤਾਂ ਸਮੇਤ 11 ਲੋਕਾਂ ਦੀ ਮੌਤ ਹੋਈ ਹੈ, ਜਦ ਕਿ ਉਨ੍ਹਾਂ ਦੇ ਹਸਪਤਾਲ ਵਿੱਚ 16 ਹੋਰਾਂ ਦਾ ਇਲਾਜ ਚੱਲ ਰਿਹਾ ਹੈ।ਵਾਘੇਲਾ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ 10 ਸਵਾਰੀਆਂ ਅਤੇ ਗੱਡੀ ਦਾ ਇੱਕ ਸਹਿ ਚਾਲਕ ਸ਼ਾਮਲ ਹੈ। ਉਨ੍ਹਾਂ ਨੇ ਦੱਸਿਆ ਕਿ ਸੂਰਤ-ਵਡੋਦਰਾ ਹਾਈਵੇ ਉੱਤੇ ਵਾਘੋਡੀਆ ਸਰਕਲ ਤੋਂ ਗੱਡੀ ਦੇ ਲੰਘਣ ਦੌਰਾਨ ਡਰਾਈਵਰ ਦੀ ਅੱਖ ਲੱਗ ਜਾਣ ਕਾਰਨ ਉਹ ਗੱਡੀ ਤੋਂ ਸੰਤੁਲਨ ਗੁਆ ਬੈਠਾ। ਡੀ ਸੀ ਪੀ ਨੇ ਦੱਸਿਆ ਕਿ ਇਸ ਦੇ ਬਾਅਦ ਮਿੰਨੀ ਟਰੱਕ ਨੇ ਦੂਸਰੇ ਟਰੱਕ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ। ਸਾਰੇ ਪੀੜਤ ਸੂਰਤ ਸ਼ਹਿਰ ਦੇ ਵਰਾਛਾ ਇਲਾਕੇ ਦੇ ਸਨ ਅਤੇ ਪੰਚ ਮਹਿਲ ਜ਼ਿਲ੍ਹੇ ਦੇ ਪਾਵਾਗੜ੍ਹ ਵਿੱਚ ਇੱਕ ਮਸ਼ਹੂਰ ਧਾਰਮਿਕ ਸਥਾਨ ਵੱਲ ਜਾ ਰਹੇ ਸਨ।

### ਅਦਾਲਤ ਵੱਲੋਂ ਸੀ ਬੀ ਆਈ ਨੂੰ ਫਿਟਕਾਰ

## ਆਪਣੇ ਸਾਬਕਾ ਡਾਇਰੈਕਟਰਾਂ ਵਿਰੁੱਧ ਆਪੇ ਜਾਂਚ ਕਰਨਾ ਨਿਆਂ ਦੇ ਸਿਧਾਂਤ ਦਾ ਉਲੰਘਣ

ਨਵੀਂ ਦਿੱਲੀ, 19 ਨਵੰਬਰ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਨੇ ਕੱਲ੍ਹ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸੀ ਬੀ ਆਈ ਵੱਲੋਂਆਪਣੇ ਹੀ ਸਾਬਕਾ ਡਾਇਰੈਕਟਰਾਂ ਦੀ ਜਾਂਚ ਕਰਨਾ ‘ਕੁਦਰਤੀ ਨਿਆਂ ਦੇ ਸਿਧਾਂਤ ਦਾ ਉਲੰਘਣ’ ਹੈ। ਇਸ ਦੇ ਨਾਲ ਅਦਾਲਤ ਨੇ ਜਾਂਚ ਦੀ ਹੌਲੀ ਗਤੀ ਚਾਲ ਬਾਰੇ ਜਾਂਚ ਏਜੈਂਸੀ ਦੀ ਖਿੰਚਾਈ ਕੀਤੀ। ਸੀ ਬੀ ਆਈ ਨੂੰ ਉਦੋਂ ਅਦਾਲਤ ਦੀ ਫਟਕਾਰ ਪਈ, ਜਦੋਂ ਉਸਦੇ ਸਰਕਾਰੀ ਵਕੀਲ ਨੇ ਜਾਂਚ ਲਈ ਹੋਰ ਸਮਾਂ ਮੰਗਿਆ।



ਸਪੈਸ਼ਲ ਜੱਜ ਸੰਜੀਵ ਅਗਰਵਾਲ ਨੇ ਵਿਵਾਦਾਂ ਵਿੱਚ ਫਸੇ ਹੋਏ ਮੀਟ ਕਾਰੋਬਾਰੀ ਮੋਈਨ ਕੁਰੈਸ਼ੀ ਦੇ ਖ਼ਿਲਾਫ਼ ਚੱਲ ਰਹੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਇਹ ਟਿੱਪਣੀ ਕੀਤੀ ਹੈ। ਇਸ ਵਿੱਚ ਸੀ ਬੀ ਆਈ ਦੇ ਸਾਬਕਾ ਡਾਇਰੈਕਟਰ ਰਣਜੀਤ ਸਿਨ੍ਹਾ ਅਤੇ ਏ ਪੀ ਸਿੰਘ ਜਾਂਚ ਦੇ ਘੇਰੇ ਵਿੱਚ ਹਨ। ਜੱਜ ਨੇ ਕਿਹਾ ਕਿ ਚਾਰ ਸਾਲ ਲੰਘ ਗਏ, ਇਨ੍ਹਾਂ ਚਾਰ ਸਾਲਾਂ ਵਿੱਚ ਕੋਈ ਜਾਂਚ ਹੀ ਨਹੀਂ ਕੀਤੀ ਗਈ, ਹੋਰ ਕਿੰਨੇ ਕੁ ਸਾਲ ਲਉਗੇ, 7 ਜਾਂ 10 ਸਾਲ? ਅਦਾਲਤ ਨੇ ਕਿਹਾ ਕਿ ਸੀ ਬੀ ਆਈ ਦੇ ਆਪਣੇ ਡਾਇਰੈਕਟਰ ਦੋਸ਼ੀ ਹਨ ਅਤੇ ਏਜੈਂਸੀ ਇਸ ਦੀ ਖ਼ੁਦ ਹੀ ਜਾਂਚ ਕਰ ਰਹੀ ਹੈ? ਮੈਂ ਹੈਰਾਨ ਹਾਂ। ਇਹ ਕੁਦਰਤੀ ਨਿਆਂ ਦੇ ਸਿਧਾਂਤ ਦਾ ਉਲੰਘਣ ਕੀਤਾ ਜਾ ਰਿਹਾ ਹੈ। ਇਸ ਮੌਕੇ ਜਾਂਚ ਏਜੰਸੀ ਨੇ ਅਦਾਲਤ ਨੂੰ ਕਿਹਾ ਕਿ ਪਿਛਲੇ ਸਮੇਂ ਦੇ ਉਸਦੇ ਚਾਰ ਆਦੇਸ਼ਾਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਇਸ ਦੇ ਬਾਅਦ ਹੇਠਲੀ ਅਦਾਲਤ ਨੇ ਇਸ ਕੇਸ ਨੂੰ 24 ਨਵੰਬਰ ਨੂੰ ਅਗਲੀ ਸੁਣਵਾਈ ਦੇ ਲਈ ਮੁਲਤਵੀ ਕਰ ਦਿੱਤਾ ਹੈ।

ਸੀ ਬੀ ਆਈ ਨੇ 2017 ਵਿੱਚ ਮੁਇਨ ਕੁਰੈਸ਼ੀ ਦੇ ਖ਼ਿਲਾਫ਼ ਰਿਸ਼ਵਤ ਦਾ ਇਹ ਮਾਮਲਾ ਦਰਜ ਕੀਤਾ ਸੀ। ਜਾਂਚ ਦੇ ਦੌਰਾਨ ਸਿਨ੍ਹਾ ਅਤੇ ਏ ਪੀ ਸਿੰਘ ਦੇ ਨਾਮ ਸਾਹਮਣੇ ਆਂਉਣ ਕਰ ਕੇ ਉਨ੍ਹਾਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ।

## ਉੱਤਰ ਪ੍ਰਦੇਸ਼ ਵਿੱਚ ਜੇ ਈ ਵੱਲੋਂ ਬੱਚਿਆਂ ਦਾ ਦਹਾਕੇ ਭਰ ਤੋਂ ਯੌਨ ਸ਼ੋਸ਼ਣ



ਨਵੀਂ ਦਿੱਲੀ, 19 ਨਵੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਸਿੰਚਾਈ ਵਿਭਾਗ ਦੇ ਇੱਕ ਜੂਨੀਅਰ ਇੰਜੀਨੀਅਰ ਨੂੰ ਸੀ ਬੀ ਆਈ ਨੇ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਜੇ ਈ ਬੱਚਿਆਂ ਦਾ 10 ਸਾਲਾਂ ਤੋਂ ਯੌਨ ਸ਼ੋਸ਼ਣ ਕਰ ਰਿਹਾ ਸੀ। ਇਹੀ ਨਹੀਂ, ਇਹ ਦੋਸ਼ੀ ਇਸ ਘਿਨੌਣੇ ਕਾਰੇ ਦੀ ਵੀਡੀਓ ਬਣਾਉਂਦਾ ਅਤੇ ਉਹ ਇਨ੍ਹਾਂ ਤਸਵੀਰਾਂ ਅਤੇ ਵੀਡੀਓਜ਼ ਨੂੰ ਦੁਨੀਆ ਵਿੱਚ ਚੱਲ ਰਹੀਆਂ ਪੋਰਨ ਸਾਈਟਸ ਨੂੰ ਵੇਚ ਦਿੰਦਾ ਸੀ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਘਿਨੌਣੇ ਕਾਰੇ ਦੇ ਦੋਸ਼ੀ ਜੇ ਈ ਨੇ ਅੱਜ ਤੱਕ ਲਗਭਗ 50 ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾਇਆ, ਜਿਨ੍ਹਾਂ ਦੀ ਉਮਰ ਪੰਜ ਤੋਂ 16 ਸਾਲ ਸੀ। ਪੀੜਤ ਬੱਚੇ ਬਾਂਦਾ, ਚਿਤਰਕੂਟ ਅਤੇ ਹਮੀਰਪੁਰ ਜ਼ਿਲਿਆਂ ਦੇ ਰਹਿਣ ਵਾਲੇ ਸਨ। ਇਸ ਦੋਸ਼ੀ ਨੂੰ ਬਾਂਦਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਜਾਂਚ ਏਜੰਸੀ ਸੀ ਬੀ ਆਈ ਨੂੰ ਤਲਾਸ਼ੀ ਦੌਰਾਨ ਅੱਠ ਮੋਬਾਈਲ ਫੋਨ, ਅੱਠ ਲੱਖ ਰੁਪਏ ਨਕਦ, ਸੈਕਸ ਟੁਆਇਜ਼, ਲੈਪਟਾਪ ਦੇ ਨਾਲ ਕਈ ਹੋਰ ਡਿਜੀਟਲ ਸਬੂਤ (ਵੱਡੀ ਗਿਣਤੀ ਵਿੱਚ ਬੱਚਿਆਂ ਦਾ ਯੌਨ ਸ਼ੋਸ਼ਣ ਕਰਨ ਦੀ ਸਮੱਗਰੀ) ਮਿਲੇ ਹਨ।ਦੋਸ਼ੀ ਨੇ ਦੱਸਿਆ ਕਿ ਉਹ ਮੁੱਖ ਰੂਪ ਵਿੱਚ ਬੱਚਿਆਂ ਦੇ ਯੌਨ ਸ਼ੋਸ਼ਣ ਵਾਲੀ ਸਮੱਗਰੀ ਪੂਰੀ ਦੁਨੀਆ ਵਿੱਚ ਚੱਲ ਰਹੀਆਂ ਪੋਰਨ ਸਾਈਟਾਂ ਨੂੰ ਵੇਚਦਾ ਸੀ। ਪੁੱਛਗਿੱਛ ਵਿੱਚ ਦੋਸ਼ੀ ਨੇ ਇਹ ਵੀ ਦੱਸਿਆ ਕਿ ਉਹ ਇਨ੍ਹਾਂ ਘਿਨੌਣੇ ਕਾਰਿਆਂ ਨੂੰ ਲੁਕਾਉਣ ਦੇ ਲਈ ਪੀੜਤ ਬੱਚਿਆਂ ਨੂੰ ਪੈਸਾ, ਇਲੈਕਟ੍ਰਾਨਿਕ ਜੰਤਰ ਸਮੇਤ ਕਈ ਹੋਰ ਚੀਜ਼ਾਂ ਵੀ ਦਿੰਦਾ ਸੀ।

## ਜੰਮੂ-ਕਸ਼ਮੀਰ ਵਿੱਚ ਸਰਕਾਰੀ ਜ਼ਮੀਨਾਂ ਉੱਤੇ ਕਬਜ਼ੇ ਬਾਰੇ ਸੀ ਬੀ ਆਈ ਵੱਲੋਂ 3 ਕੇਸ ਦਰਜ

ਜੰਮੂ, 19 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਸਰਕਾਰੀ ਅਧਿਕਾਰੀਆਂ ਦੀ ਮਿਲੀਭਗਤ ਦੇ ਨਾਲ ਸਰਕਾਰੀ ਜ਼ਮੀਨਾਂ ਉੱਤੇ ਕਬਜ਼ਾ ਕਰਨ ਦੇ ਦੋਸ਼ ਵਿੱਚ ਸੀ ਬੀ ਆਈ ਨੇ 3 ਵੱਖ-ਵੱਖ ਕੇਸ ਦਰਜ ਕੀਤੇ ਹਨ। ਇਸ ਕੇਸ ਵਿੱਚ ਕੇਂਦਰੀ ਸੈਕਟਰੀ ਪੱਧਰ ਦਾ ਇੱਕ ਅਧਿਕਾਰੀ ਵੀ ਸ਼ੱਕ ਦੇ ਘੇਰੇ ਵਿੱਚ ਹੈ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਹਾਈਕੋਰਟ ਦੇ ਹੁਕਮ ਉੱਤੇ ਸੀ ਬੀ ਆਈ ਜੰਮੂ ਅਤੇ ਸਾਂਬਾ ਜ਼ਿਲਿਆਂ ਵਿੱਚ ਜ਼ਮੀਨ ਹੜੱਪਣ ਦੇ ਕੇਸ ਦੀ ਜਾਂਚ ਕਰ ਰਹੀ ਹੈ। ਇਸ ਤੋਂ ਪਹਿਲਾਂ ਸਟੇਟ ਵਿਜੀਲੈਂਸ ਕਮਿਸ਼ਨ ਇਨ੍ਹਾਂ ਦੀ ਜਾਂਚ ਕਰ ਰਿਹਾ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੰਮੂ ਜ਼ਿਲੇ ਦੇ ਰੈਵੇਨਿਊ ਵਿਭਾਗ ਦੇ ਅਧਿਕਾਰੀਆਂ ਨੇ ਰੋਸ਼ਨੀ ਕਾਨੂੰਨ ਦੇ ਨਿਯਮਾਂ ਦੀ ਜਾਣ-ਬੁਝ ਕੇ ਅਣਦੇਖੀ ਕੀਤੀ ਅਤੇ ਨਾਜਾਇਜ਼ ਕਾਬਜ਼ ਲੋਕਾਂ ਨੂੰ ਲਾਭ ਪਹੁੰਚਾਇਆ ਹੈ। ਸੀ ਬੀ ਆਈ ਦੇ ਬੁਲਾਰੇ ਨੇ ਦੱਸਿਆ ਕਿ ਅਜਿਹੇ ਇੱਕ ਮਾਮਲੇ ਵਿੱਚ ਰੈਵੇਨਿਊ ਵਿਭਾਗ ਦੇ ਅਫਸਰਾਂ ਨੇ ਕੁਝ ਅਯੋਗ ਵਿਅਕਤੀਆਂ ਨੂੰ ਗਲਤ ਤਰੀਕੇ ਨਾਲ ਸਰਕਾਰੀ ਜ਼ਮੀਨ ਦੀ ਮਾਲਕੀ ਦਾ ਹੱਕ ਦੇ ਦਿੱਤਾ, ਜਿਸ ਨਾਲ ਰਾਜ ਸਰਕਾਰ ਦੇ ਖਜ਼ਾਨੇ ਨੂੰ ਭਾਰੀ ਨੁਕਸਾਨ ਹੋਇਆ। ਦੂਸਰਾ ਮਾਮਲਾ ਗਾਂਧੀਨਗਰ ਦੇ ਇੱਕ ਕਾਰੋਬਾਰੀ ਅਤੇ ਜੰਮੂ ਵਿਕਾਸ ਅਥਾਰਟੀ ਦੇ ਰੈਵੇਨਿਊ ਵਿਭਾਗ ਵਿਚਲੇ ਅਣਪਛਾਤੇ ਅਧਿਕਾਰੀਆਂ ਨਾਲ ਜੁੜਦਾ ਹੈ।ਜੰਮੂ ਜ਼ਿਲੇ ਦੇ ਰੈਵੇਨਿਊ ਅਧਿਕਾਰੀਆਂ ਨੇ ਕਾਰੋਬਾਰੀ ਨਾਲ ਮਿਲਕੇ ਸਾਜਿਸ਼ ਰਚੀ ਅਤੇ ਦੀਲੀ ਤਹਿਸੀਲ ਪਿੰਡ ਦੀ ਜ਼ਮੀਨ ਦਾ ਮਾਲਕੀ ਹੱਕ ਉਸ ਨੂੰ ਦੇ ਦਿੱਤਾ।




ਤੀਸਰਾ ਮਾਮਲਾ ਸਾਂਬਾ ਜ਼ਿਲੇ ਦੀ ਜ਼ਮੀਨ ਬਾਰੇ ਹੈ, ਜਿਸ ਵਿੱਚ ਰੈਵੇਨਿਊ ਅਧਿਕਾਰੀਆਂ ਨੇ ਰੋਸ਼ਨੀ ਕਾਨੂੰਨ ਦੇ ਨਿਯਮਾਂ ਦਾ ਜਾਣ-ਬੁਝ ਕੇ ਉਲੰਘਣ ਕਰਦੇ ਹੋਏ ਸਰਕਾਰੀ ਜ਼ਮੀਨ ’ਤੇ ਨਾਜਾਇਜ਼ ਕਬਜ਼ਾ ਕਰਵਾਇਆ ਤੇ ਅਯੋਗ ਢੰਗ ਨਾਲ ਕਮਾਈ ਕੀਤੀ। ਜਾਂਚ ਵਿੱਚ ਇਸ ਤਰ੍ਹਾਂ ਦੇ ਕਈ ਅਜਿਹੇ ਕੇਸ ਮਿਲੇ ਹਨ, ਜਿਨ੍ਹਾਂ ਵਿੱਚ ਸਰਕਾਰੀ ਜ਼ਮੀਨ ਦੇ ਲਈ ਅਜਿਹੇ ਆਯੋਗਲੋਕਾਂ ਨੂੰ ਮਾਲਕੀ ਅਧਿਕਾਰ ਦੇ ਦਿੱਤੇ ਗਏ, ਜਿਨ੍ਹਾਂ ਦਾ ਰੈਵੇਨਿਊ ਵਿਭਾਗ ਦੇ ਰਿਕਾਰਡ ਵਿੱਚ ਨਾਮ ਦਰਜ ਨਹੀਂ ਸੀ। ਸੀ ਬੀ ਆਈ ਅਫਸਰਾਂ ਮੁਤਾ-ਬਕ ਇਸ ਵਿੱਚ ਕੇਂਦਰੀ ਸੈਕਟਰੀ ਅਤੇ ਸੀਨੀਅਰ ਆਈ ਏ ਐਸ ਅਧਿਕਾਰੀ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਬਿਜਲੀ ਵਿਭਾਗ ਦਾ ਇੱਕ ਅਧਿਕਾਰੀ ਵੀ ਜਾਂਚ ਦੇ ਘੇਰੇ ਵਿੱਚ ਹੈ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

## ਅਨਾਜ ਤੋਂ ਐਥਨਾਲ ਬਣਵਾਉਣ ਦੀ ਮੋਦੀ ਸਰਕਾਰ ਦੀ ਯੋਜਨਾ ਨੂੰ ਧੱਕਾ

ਨਵੀਂ ਦਿੱਲੀ, 19 ਨਵੰਬਰ (ਪੋਸਟ ਬਿਊਰੋ)- ਭਾਰਤ ਵਿੱਚ ਗੋਦਾਮਾਂ ਵਿੱਚ ਪਏ ਲੋੜਤੋਂਵੱਧ ਪਏ ਅਨਾਜ ਤੋਂ ਐਥਨਾਲ ਬਣਾਉਣ ਦੀ ਸਕੀਮ ਨੂੰ ਹਰੀ ਝੰਡੀ ਮਿਲ ਗਈ ਹੈ, ਪਰ ਐਥਨਾਲ ਬਣਾਉਣ ਵਾਲੀ ਕਿਸੇ ਵੀ ਮਿੱਲ ਨੇ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ ਸੀ ਆਈ) ਵੱਲੋਂ ਜਾਰੀ ਟੈਂਡਰ ਵਿੱਚ ਹਿੱਸਾ ਨਹੀਂ ਲਿਆ। ਇਸ ਨਾਲ ਪੈਟਰੋਲੀਅਮ ਦੀ ਇੰਪੋਰਟ ਘਟਾਉਣ ਲਈ ਸਰਪਲਸ ਅਨਾਜ ਤੋਂ ਐਥਨਾਲ ਬਣਾਉਣ ਦੀ ਯੋਜਨਾ ਨੂੰ ਵੱਡਾ ਧੱਕਾ ਲੱਗਾ ਹੈ।

ਵਰਨਣ ਯੋਗ ਹੈ ਕਿ ਚੌਲਾਂ ਤੋਂ ਬਣੇ ਐਥਨਾਲ ਦੀ ਲਾਗਤ ਤੇਲ ਕੰਪਨੀਆਂ ਦੀਆਂ ਤੈਅ ਕੀਮਤਾਂ ਦੇ ਮੁਕਾਬਲੇ ਵੱਧ ਹੈ। ਇਸੇ ਕਾਰਨ ਮਿੱਲਾਂ ਨੇ ਐਫ ਸੀ ਆਈ ਦੇ ਟੈਂਡਰ ਵਿੱਚ ਹਿੱਸਾ ਨਹੀਂ ਲਿਆ। ਭਾਰਤ ਵਿੱਚ ਪੈਟਰੋਲੀਅਮ ਉਤਪਾਦਾਂ ਦੀ ਕੁੱਲ ਜ਼ਰੂਰਤ ਦਾ 86 ਫੀਸਦੀ ਹਿੱਸਾ ਇੰਪੋਰਟ ਨਾਲ ਪੂਰਾ ਕੀਤਾ ਜਾਂਦਾ ਹੈ। ਇਸ ਉੱਤੇ ਸਾਲਾਨਾ 10 ਲੱਖ ਕਰੋੜ ਰੁਪਏ ਖਰਚ ਹੁੰਦੇ ਹਨ, ਜਿਸ ਨੂੰ ਘਟਾਉਣ ਦੇ ਯਤਨਾਂ ਵਜੋਂ ਗੰਨਾ, ਖੰਡ, ਸ਼ੀਰਾ ਅਤੇ ਅਨਾਜ ਤੋਂ ਐਥਨਾਲ ਬਣਾਉਣ ’ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸੇ ਤਹਿਤ ਪਹਿਲਾਂ ਖਰਾਬ ਜਾਂ ਸੜੇ ਅਨਾਜ ਤੋਂ



ਐਥਨਾਲ ਬਣਾਉਣ ਦੀ ਮਨਜ਼ੂਰੀ ਸੀ, ਫਿਰ ਅੱਗੇ ਵਧ ਕੇ ਸਰਕਾਰ ਨੇ ਗੋਦਾਮਾਂ ਵਿੱਚ ਪਏ ਵਾਧੂ ਅਨਾਜ ਤੋਂ ਐਥਨਾਲ ਬਣਾਉਣ ਦੀ ਯੋਜਨਾ ਪਾਸ ਕਰ ਦਿੱਤੀ ਹੈ। ਇਸ ਹੇਠ ਐਫ ਸੀ ਆਈ ਨੇ 14 ਅਕੂਤਬਰ ਨੂੰ ਗੋਦਾਮਾਂ ਵਿੱਚ ਪਏ ਪੁਰਾਣੇ ਚੌਲਾਂ ਨੂੰ ਵੇਚਣ ਦਾ ਟੈਂਡਰ ਜਾਰੀ ਕੀਤਾ ਤਾਂ ਇਸ ਵਿੱਚ ਚੌਲਾਂ ਦਾ ਬੇਸ ਮੁੱਲ 22,500 ਰੁਪਏ ਪ੍ਰਤੀ ਟਨ ਰੱਖ ਦਿੱਤਾ, ਜੋ ਐਫ ਸੀ ਆਈ ਦੇ ਗੋਦਾਮਾਂ ’ਤੇ ਲੱਗੇਗਾ। 4 ਨਵੰਬਰ ਨੂੰ ਟੈਂਡਰ ਖੁੱਲ੍ਹਾ ਤਾਂ ਪਤਾ ਲੱਗਾ ਕਿ ਇੱਕ ਵੀ ਮਿੱਲ ਨੇ ਬੋਲੀ ਨਹੀਂ ਲਾਈ ਹੈ। ਖੰਡ ਮਿੱਲਾਂ ਦੇ ਸੰਗਠਨ ਇਸਮਾ ਦੇ ਮੁਤਾਬਕ ਇਸ ਕੀਮਤ ਉੱਤੇ ਖਰੀਦੇ ਚੌਲਾਂ ਨਾਲ ਬਣੇ ਐਥਨਾਲ ਦੀ ਲਾਗਤ ਵਧ ਜਾਏਗੀ, ਜੋ ਘਾਟੇ ਦਾ ਸੌਦਾ ਬਣ ਜਾਏਗਾ।

ਇੰਡੀਅਨ ਸ਼ੁਗਰ ਮਿਲਜ਼ ਐਸੋਸੀਏਸ਼ਨ (ਇਸਮਾ) ਦੇ ਡਾਇਰੈਕਟਰ ਜਨਰਲ ਅਵਿਨਾਸ਼ ਵਰਮਾ ਦਾ ਕਹਿਣਾ ਹੈ ਕਿ ਦੁਨੀਆ ਵਿੱਚ ਸਭ ਤੋਂ ਵੱਧ ਐਥਨਾਲ ਅਮਰੀਕਾ ਵਿੱਚ ਮੱਕੀ ਤੋਂ ਬਣਦਾ ਹੈ। ਘਰੇਲੂ ਪੈਟਰੋਲੀਅਮ ਕੰਪਨੀਆਂ ਨੇ ਅਨਾਜ ਤੋਂ ਬਣੇ ਐਥਨਾਲ ਨੂੰ 52.22 ਰੁਪਏ ਲੀਟਰ ਦੀ ਦਰ ਨਾਲ ਖਰੀਦਣ ਦਾ ਫੈਸਲਾ ਕੀਤਾ ਹੈ। ਚੌਲਾਂ ਨਾਲ ਬਣਾਏ ਐਥਨਾਲ ਦੀ ਲਾਗਤ 57.22 ਰੁਪਏ ਲੀਟਰ ਆਏਗੀ। ਇੱਕ ਟਨ ਚੌਲਾਂ ਤੋਂ 450 ਲੀਟਰ ਐਥਨਾਲ ਬਣਦਾ ਹੈ।

ਸਾਲ 2019-20 ਦੇ ਚਾਲੂ ਐਥਨਾਲ ਸੀਜਨ (ਦਸੰਬਰ 2019-ਨਵੰਬਰ 2020) ਦੌਰਾਨ 9 ਨਵੰਬਰ ਤੱਕ ਕੁੱਲ 160 ਕਰੋੜ ਲੀਟਰ ਐਥਨਾਲ ਦੀ ਸਪਲਾਈ ਹੋਈ ਹੈ। ਅਗਲੇ ਐਥਨਾਲ ਸਾਲ 2020-21 ਲਈ ਆਇਲ ਮਾਰਕੀਟਿੰਗ ਕੰਪਨੀਆਂ ਨੇ ਮਿੱਲਾਂ ਨੂੰ 322 ਕਰੋੜ ਲੀਟਰ ਐਥਨਾਲ ਦੀ ਪੇਸ਼ਕਸ਼ ਕੀਤੀ ਹੈ। ਇਹ ਮੰਗ ਪੈਟਰੋਲ ਵਿੱਚ ਸਿਰਫ ਪੰਜ ਫੀਸਦੀ ਐਥਨਾਲ ਮਿਲਾਏ ਜਾਣ ਦੇ ਹਿਸਾਬ ਨਾਲ ਹੈ, ਜਦ ਕਿ ਸੱਤ-ਅੱਠ ਫੀਸਦੀ ਐਥਨਾਲ ਮਿਸ਼ਰਣ ਦੇ ਹਿਸਾਬ ਨਾਲ ਕੁੱਲ 457 ਕਰੋੜ ਲੀਟਰ ਦੀ ਜ਼ਰੂਰਤ ਹੋਵੇਗੀ।



## ਜਾਧਵ ਨੂੰ ਅਗਵਾ ਕਰਨ ਵਾਲਾ ਅੱਤਵਾਦੀ ਮੁੱਲਾ ਉਮਰ ਪਾਕਿ ਫ਼ੌਜ ਹੱਥੋਂ ਮਾਰਿਆ ਗਿਆ

ਲਾਹੌਰ, 19 ਨਵੰਬਰ (ਪੋਸਟ ਬਿਊਰੋ)- ਭਾਰਤੀ ਨੇਵੀ ਅਫ਼ਸਰ ਕਮਾਂਡਰ (ਸੇਵਾ ਮੁਕਤ) ਕੁਲਭੂਸ਼ਣ ਜਾਧਵ ਨੂੰ ਅਗਵਾ ਕਰਨ ਵਾਲਾ ਅੱਤਵਾਦੀ ਮੁੱਲਾ ਉਮਰ ਤੇ ਉਸ ਦੇ ਪੁੱਤਰ ਦੇ ਸੂਬਾ ਬਲੋਚਿਸਤਾਨ ਦੇ ਤੁਰਬਤ ਖੇਤਰ ਦੇ ਸੈਟੇਲਾਈਟ ਟਾਊਨ ’ਚ ਪਾਕਿਸਤਾਨੀ ਫ਼ੌਜ ਵੱਲੋਂ ਕੀਤੇ ਹਮਲੇ ’ਚ ਮਾਰੇ ਜਾਣ ਦੇ ਦਾਅਵੇ ਕੀਤੇ ਜਾ ਰਹੇ ਹਨ।




ਇਸ ਤੋਂ ਪਹਿਲਾਂ ਨਵੰਬਰ 2013 ਅਤੇ ਫਿਰ ਸਾਲ 2015 ਦੇ ਸ਼ੁਰੂਆਤੀ ਹਫ਼ਤਿਆਂ ’ਚ ਮੁੱਲਾ ਉਮਰ ਦੇ ਮਾਰੇ ਜਾਣ ਦੇ ਦਾਅਵੇ ਕੀਤੇ ਗਏ ਸਨ। ਮੁੱਲਾ ਉਮਰ ਲਸ਼ਕਰ-ਏ-ਤੋਇਬਾ, ਲਸ਼ਕਰ-ਏ-ਕੁਰੁਸਨ ਅਤੇ ਜੈਸ਼-ਉਲ-ਅਦਲ ਅੱਤਵਾਦੀ ਸੰਗਠਨਾਂ ਦੇ ਹਾਈ-ਪ੍ਰੋਫਾਈਲ ਮਦਦਗਾਰਾਂ ’ਚ ਸ਼ਾਮਲ ਸੀ।ਉਸ ਨੇ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਨੂੰ ਅਗਵਾ ਕਰਕੇ ਉਸ ਨੂੰ ਪਾਕਿਸਤਾਨੀ ਫੌਜ ਦੇ ਹਵਾਲੇ ਕੀਤਾ ਸੀ, ਜੋ ਜਾਸੂਸੀ ਦੇ ਕਥਿਤ ਦੋਸ਼ ’ਚ ਪਿਛਲੇ ਪੰਜ ਸਾਲਾਂ ਤੋਂ ਪਾਕਿਸਤਾਨੀ ਜੇਲ੍ਹ ’ਚ ਬੰਦ ਹੈ ਅਤੇ ਉਸ ਨੂੰ ਪਾਕਿ ਦੀ ਫ਼ੌਜੀ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਹੈ। ਜੈਸ਼-ਉਲ-ਅਦਲ ਦਾ ਅੱਤਵਾਦੀ ਮੁੱਲਾ ਉਮਰ ਈਰਾਨ ਦੀ ਲੋੜੀਂਦੇ ਅੱਤਵਾਦੀਆਂ ਦੀ ਸੂਚੀ ’ਚ ਸ਼ਾਮਲ ਸੀ ਅਤੇ ਉਥੇ ਪਾਕਿ ਦੀ ਖ਼ੁਫ਼ੀਆ ਏਜੰਸੀ ਅਤੇ ਫ਼ੌਜ ਲਈ ਕੰਮ ਕਰ ਰਿਹਾ ਸੀ।

## ਫੇਸਬੁੱਕ ਤੇ ਟਵਿੱਟਰ ਦੇ ਸੀ ਈ ਓ ਨੇ ਅਮਰੀਕੀ ਪਾਰਲੀਮੈਂਟ ਵਿੱਚ ਗਵਾਹੀ

ਵਾਸ਼ਿੰਗਟਨ, 19 ਨਵੰਬਰ (ਪੋਸਟ ਬਿਊਰੋ)- ਇੰਟਰਨੈਟ ਮੀਡੀਆ ਕੰਪਨੀ ਫੇਸਬੁੱਕ ਤੇ ਟਵਿੱਟਰ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨੇ ਅਮਰੀਕੀ ਪਾਰਲੀਮੈਂਟ ਦੀ ਇੱਕ ਸ਼ਕਤੀਸ਼ਾਲੀ ਸੈਨੇਟ ਜੂਡੀਸ਼ਰੀ ਕਮੇਟੀ ਦੇ ਸਾਹਮਣੇ ਗਵਾਹੀ ਦਿੱਤੀ। ਇਸ ਦੌਰਾਨ ਦੋਵਾਂ ਕੰਪਨੀਆਂ ਦੇ ਅਧਿਕਾਰੀਆਂ ਨੇ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ’ਚ ਫੇਕ ਨਿਊਜ਼ ਨੂੰ ਰੋਕਣ ਦੇ ਆਪਣੇ ਯਤਨ ਦਾ ਬਚਾਅ ਕੀਤਾ ਹੈ।

ਫੇਸਬੁੱਕ ਦੇ ਸੀ ਈ ਓ ਅਤੇ ਮੋਢੀ ਮਾਰਕ ਜ਼ੁਕਰਬਰਗ ਨੇ ਕੱਲ੍ਹ ਪਾਰਲੀਮੈਂਟ ਮੈਂਬਰਾਂ ਨੂੰ ਕਿਹਾ ਕਿ ਤਿੰਨ ਨਵੰਬਰ ਨੂੰ ਚੋਣਾਂ ਤੋਂ ਪਹਿਲਾਂ ਇੰਟਰਨੈਟ ਮੀਡੀਆ ਕੰਪਨੀ ਨੇ ਨਿਰਪੱਖ ਚੋਣਾਂ ਲਈ ਸਭ ਤੋਂ ਵੱਡਾ ਯਤਨ ਕੀਤਾ। ਉਨ੍ਹਾਂ ਕਿਹਾ ਕਿ ਕੁੱਲ ਮਿਲਾ ਕੇ ਮੇਰਾ ਮੰਨਣਾ ਹੈ ਕਿ ਅਜੋਕੇ ਸਮੇਂ ’ਚ



ਕਿਸੇ ਨਿੱਜੀ ਕੰਪਨੀ ਵੱਲੋਂ ਚੁੱਕਿਆ ਗਿਆ ਇਹ ਸਭ ਤੋਂ ਵੱਡਾ ਕਦਮ ਹੈ। ਇਸੇ ਤਰ੍ਹਾਂ ਦੇ ਕਦਮ ਦੀ ਲੋਕ ਸਾਡੇ ਤੋਂ ਆਸ ਕਰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਅੱਜ ਤੱਕ ਜੋ ਦੇਖਿਆ, ਉਸ ਤੋਂ ਮੈਨੂੰ ਖ਼ੁਸ਼ੀ ਹੋਈ ਹੈ। ਸਾਡੀ ਕੰਪਨੀ ਨੇ ਚੰਗਾ ਕੰਮ ਕੀਤਾ, ਪਰ ਚੋਣਾਂ ’ਚ ਦਖਲ ਦਾ ਖਤਰਾ ਹਮੇਸ਼ਾ ਬਣਿਆ ਰਹੇਗਾ। ਇਸ ਨੂੰ ਪੂਰੀ ਤਰ੍ਹਾਂ ਦੂਰ ਨਹੀਂ ਕੀਤਾ ਜਾ ਸਕਦਾ। ਸਾਨੂੰ ਆਪਣੇ ਕੰਮ ’ਚ ਹਰ ਚੋਣ ਨਾਲ ਸੁਧਾਰ ਕਰਨਾ ਪਵੇਗਾ। ਪਾਰਲੀਮੈਂਟਦੇ ਸਾਹਮਣੇ ਆਪਣੀ ਗਵਾਹੀ ’ਚ ਜ਼ੁਕਰਬਰਗ ਨੇ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਵੀ ਦਿੱਤੀ।

ਟਵਿੱਟਰ ਦੇ ਸੀ ਈ ਓ ਜੈਕ ਡੋਰਸੀ ਨੇ ਕਮੇਟੀ ਦੇ ਸਾਹਮਣੇ ਆਪਣੇ ਬਿਆਨ ਵਿੱਚ ਕਿਹਾ ਕਿ ਇੱਕ ਸਾਲ ਤੋਂ ਵੱਧ ਸਮਾਂ ਪਹਿਲਾਂ ਲੋਕਾਂ ਨੇ ਸਾਨੂੰ ਕਿਹਾ ਸੀ ਕਿ ਅਸੀਂ ਵਾਧੂ ਹਵਾਲੇ ਦੇਈਏ ਤਾਂ ਜੋ ਸੰਭਾਵੀ ਗਲਤ ਸੂਚਨਾ ਵਧੇਰੇ ਪ੍ਰਤੱਖ ਹੋ ਸਕੇ।ਫੇਸਬੁੱਕ ਤੇ ਟਵਿੱਟਰ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨੇ ਇਹੋ ਜਿਹੇ ਕਿਸੇ ਵੀ ਬਦਲਾਓ ਦਾ ਵਿਰੋਧ ਕੀਤਾ ਹੈ, ਜਿਸ ਨਾਲ ਅਮਰੀਕੀ ਸਰਕਾਰ ਨੂੰ ਕੰਟੈਂਟ ਬਾਰੇ ਹੁਕਮ ਜਾਰੀ ਕਰਨ ਦਾ ਅਧਿਕਾਰ ਮਿਲ ਜਾਵੇ। ਦੋਵਾਂ ਕੰਪਨੀਆਂ ਨੇ ਕਿਹਾ ਕਿ ਇੰਟਰਨੈਟ ਮੀਡੀਆ ਪਲੇਟ ਫਾਰਮ ਇੱਕ ਨਵੀਂ ਇੰਡਸਟਰੀ ਹੈ ਇਸ ਲਈ ਵੱਖਰਾ ਰੈਗੂਲੇਟਰੀ ਮਾਡਲ ਹੋਣਾ ਚਾਹੀਦਾ ਹੈ। ਸੰਸਦ ਵਿੱਚ ਗਵਾਹੀ ਦੌਰਾਨ ਦੋਵਾਂ ਕੰਪਨੀਆਂ ਦੇ ਸੀ ਈ ਓ ਤੇ ਪਾਰਲੀਮੈਂਟਮੈਂਬਰ 1996 ਦੇ ਕਮਿਊਨੀਕੇਸ਼ਨ ਡਿਸੈਂਸੀ ਐਕਟ ਦੀ ਵਿਵਾਦਗ੍ਰਸਤ ਧਾਰਾ 230 ’ਚ ਜ਼ਰੂਰੀ ਸੋਧ ’ਤੇ ਸਹਿਮਤ ਦਿਖਾਈ ਦਿੱਤੇ।

## ਲੀਜ਼ਾ ਦੇ ਕੋਲ ਪਹੁੰਚ ਰਹੀਆਂ ਨੇ ਢੇਰਾਂ ਦੇ ਢੇਰ ਚਿੱਠੀਆਂ

ਨਿਊ ਯਾਰਕ, 19 ਨਵੰਬਰ (ਪੋਸਟ ਬਿਊਰੋ)- ਵਰਜੀਨੀਆ (ਅਮਰੀਕਾ) ਦੇ ਕੋਲ ਇੱਕ ਪਰੀਆਂ ਦਾ ਪਿੰਡ ਹੈ। ਬੱਚੇ ਉਨ੍ਹਾਂ ਪਰੀਆਂ ਨੂੰ ਆਪਣੇ ਮਨ ਦੀ ਗੱਲ ਪੱਤਰ ਵਿੱਚ ਲਿਖ ਕੇ ਭੇਜਦੇ ਹਨ ਤੇ ਬੱਚਿਆਂ ਨੂੰ ਉਨ੍ਹਾਂ ਦੇ ਲਿਖੇ ਪੱਤਰਾਂ ਦਾ ਜਵਾਬ ਵੀ ਮਿਲਦਾ ਹੈ। ਬੱਚਿਆਂ ਦਾ ਮਨ ਅੱਜ ਪਰੀਆਂ ’ਤੇ ਯਕੀਨ ਕਰਦਾ ਹੈ।

ਅਸਲ ਵਿੱਚ ਜਦ ਲਾਕਡਾਊਨ ਸ਼ੁਰੂ ਹੋਇਆ ਤਾਂ9 ਸਾਲ ਦੀ ਮਾਇਆ ਗੈਬਲਰ ਦੀ ਦੁਨੀਆ ਪਰਵਾਰ ਅਤੇ ਕੁਝ ਦੋਸਤਾਂ ਦੇ ਘੇਰੇ ਤੱਕ ਹੀ ਰਹਿ ਗਈ ਸੀ। ਉਸ ਨੇ ਰੁੱਖ ਉੱਤੇ ਰਹਿੰਦੀਆਂ ਪਰੀਆਂ ਨੂੰ ਪੱਤਰ ਲਿਖਣਾ ਸ਼ੁਰੂ ਕੀਤਾ। ਇਨ੍ਹਾਂ ਪਰੀਆਂ ਦਾ ਪਤਾ ਉਸ ਨੂੰ ਬੱਚਿਆਂ ਲਈ ਛਪਦੀਆਂ ਪਰੀ ਕਹਾਣੀਆਂ ਦੀ ਕਿਤਾਬ ਤੋਂ ਮਿਲਿਆ ਸੀ। ਮਾਇਆ ਅਤੇ ਉਸ ਦੀਆਂ ਦੋ ਸਹੇਲੀਆਂ ਅਤੇ ਭੈਣਾਂ ਸੋਫੀ, ਕੇਟ ਕੇਰੋਲ ਪਰੀਆਂ ਦੀ ਦੁਨੀਆ ਵਿੱਚ ਬਹੁਤ ਯਕੀਨ ਕਰਦੀਆਂ ਹਨ। ਮਾਇਆ ਦੀ ਮਾਂ ਜੈਨੀਫਰ ਕਹਿੰਦੀ ਹੈ ਕਿ ਬੱਚਿਆਂ ਦਾ ਡਰ, ਚਿੰਤਾ ਬਾਹਰ ਕੱਢਣ ਦਾ ਇਹ ਚੰਗਾ ਤਰੀਕਾ ਹੈ। ਇਸ ਦੇ ਜ਼ਰੀਏ ਬੱਚੇ ਆਪਣੀ ਫੀਲਿੰਗ ਦਿਖਾ ਸਕਦੇ ਹਨ।ਪਰੀਆਂ ਦਾ ਪਿੰਡ ਬੱਚਿਆਂ ਦੀ ਸਟੋਰੀ ਬੁਕ ਲਿਖਣ ਵਾਲੀ 55 ਸਾਲਾ ਲੇਖਕਾ ਲੀਜ਼ਾ ਸੁਹਾਏ ਦੇ ਘਰ ਨੇੜੇ ਦੱਸਿਆ ਜਾਂਦਾ ਹੈ, ਜੋ ਵਰਜੀਨੀਆ ਸਿਟੀ ਦੇ ਨੇੜੇ ਨਾਰਫਾਕ ਦੇ ਕਿਨਾਰੇ ਹੈ। ਉਹੀ ਪਰਦੇ ਦੇ ਪਿੱਛੋਂ ਬੱਚਿਆਂ ਨੂੰ ਪਰਚਾਉਂਦੀ ਹੈ। ਬੱਚਿਆਂ ਨੂੰ ਪਤਾ ਹੈ ਕਿ ਪਿੰਡ ਦੇ ਰੁੱਖ ਦੀਆਂ ਟਾਹਣੀਆਂ ਪਿੱਛੇ ਪਰੀਆਂ ਸੌਂ ਰਹੀਆਂ ਹਨ। ਉਨ੍ਹਾਂ ਲਈ ਫਲਾਂ ਨਾਲ ਸਜੇ ਰਸਤੇ ਹਨ। ਲੀਜ਼ਾ ਦੇ ਘਰ ਨੇੜੇ ਗਾਰਡਨ ਵਿੱਚ ਰੁੱਖ ਦੇ ਹੇਠਾਂ ਟੇਬਲ-ਕੁਰਸੀ ਰੱਖੀ ਹੈ। ਟੇਬਲ ’ਤੇ ਪੈਨ ਅਤੇ ਕਈ ਪੇਪਰ ਹਨ। ਇਥੇ ਦੋ ਮੇਲ ਬਾਕਸ ਵੀ ਹਨ। ਇੱਕ ਬਾਕਸ ਬੱਚਿਆਂ ਵੱਲੋਂ ਭੇਜੀਆਂ ਚਿੱਠੀਆਂ ਨਾਲ ਭਰਿਆ ਹੈ। ਦੂਸਰਾ ਬਾਕਸ ਬੱਚਿਆਂ ਨੂੰ ਭੇਜੇ ਜਾਣ ਵਾਲੇ ਪਰੀਆਂ ਦੇ ਪੱਤਰਾਂ ਨਾਲ ਭਰਿਆ ਰਹਿੰਦਾ ਹੈ।

ਬੱਚਿਆਂ ਨੂੰ ਇਹੀ ਪਤਾ ਹੈ ਕਿ ਗਾਡ-ਮਦਰ ਪਰੀ, ਪਰੀਆਂ ਦੀ ਰਾਣੀ ਲਿਸੇਂਟਰਾ ਅਤੇ ਟਿੰਕਰ ਬੇਲ ਚਿੱਠੀਆਂ ਦਾ ਜਵਾਬ ਦਿੰਦੀਆਂ ਹਨ। ਪਰੀਆਂ ਦਾ ਪਿੰਡਪਹਿਲੀ ਵਾਰ ਜੁਲਾਈ ਅੰਤ ਵਿੱਚ ਬੱਚਿਆਂ ਦੀ ਸਟੋਰੀ ਬੁੱਕ ਲਿਖਣ ਵਾਲੀ ਲੀਜ਼ਾ ਸੁਹਾਏ ਦੇ ਘਰ ਮੂਹਰੇ ਦਿਖਾਈ ਦਿੱਤਾ। ਫਿਰ ਇਸ ਦੀ ਆਨਲਾਈਨ ਚਰਚਾ ਹੋਣ ਲੱਗੀ। ਗੱਲਾਂ ਚੱਲ ਨਿਕਲੀਆਂ ਤਾਂ ਨਾਸਮਝ ਛੋਟੇ-ਛੋਟੇ ਬੱਚੇ ਪਰੀਆਂ ਨੂੰ ਮਿਲਣ ਲਈ ਤਿਆਰ ਹੋ ਕੇ, ਪ੍ਰਿੰਸਿਸ ਗਾਊਨ ਪਹਿਨ ਕੇ ਅਤੇ ਖੰਭ ਲਾ ਕੇ ਇਥੇ ਆਉਂਦੇ ਹਨ, ਜੋ ਨਹੀਂ ਆ ਸਕਦੇ ਉਹ ਵੈਬਸਾਈਟ ਜ਼ਰੀਏ ਗੱਲਾਂ ਕਰ ਸਕਦੇ ਹਨ।ਪਰੀਆਂ ਦੇ ਅਡਰੈਸ ’ਤੇ ਬੱਚੇ ਕੁਝ ਮਹੀਨੇ ਵਿੱਚ ਸੱਤ ਸੌ ਤੋਂ ਵੱਧ ਪੱਤਰ ਭੇਜ ਚੁੱਕੇ ਹਨ। ਇੱਕ ਬੱਚੇ ਨੇ ਲਿਖਿਆ ਹੈ, ਤੁਸੀਂ ਕੋਰੋਨਾ ਨੂੰ ਗਾਇਬ ਕਰ ਸਕਦੇ ਹੋ? ਦੂਸਰੇ ਨੇ ਲਿਖਿਆ, ਅਸੀਂ ਲੋਕ ਗੁਆਮ ਵਿੱਚ ਸ਼ਿਫਟ ਹੋ ਰਹੇ ਹਾਂ, ਤੁਸੀਂ ਤਦ ਵੀ ਮੇਰੀ ਦੋਸਤ ਬਣੇ ਰਹੋਗੇ? ਇੱਕ ਬੱਚੇ ਨੇ ਪਰੀ ਨੂੰ ਲਿਖਿਆ ਕਿ ਉਸ ਨੇ ਆਪਣੀ ਮਾਂ ਅਤੇ ਟੀਚਰ ਨੂੰ ਰੋਂਦੇ ਹੋਏ ਦੇਖਿਆ ਹੈ, ਕੀ ਤੁਸੀਂਉਨ੍ਹਾਂ ਦੀ ਮਦਦ ਕਰੋਗੇ? ਕਿਸੇ ਨੇ ਸਕੂਲ ਦੀ ਸ਼ਿਕਾਇਤ ਵੀ ਲਿਖੀ ਹੈ।

## ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਅਗਵਾ ਕਰਨ ਦੀ ਯੋਜਨਾ ਵੀ ਬਣਾਈ ਗਈ ਸੀ

ਲੰਡਨ, 19 ਨਵੰਬਰ (ਪੋਸਟ ਬਿਊਰੋ)- ਸਾਲ 1982 ਦੇ ਅਖੀਰ ਵਿੱਚ ਪੰਜਾਬ ਦੇ ਖਰਾਬ ਹੋ ਰਹੇ ਹਾਲਾਤ ਨੂੰ ਕੰਟਰੋਲ ਕਰਨ ਲਈ ਭਾਰਤੀ ਖੁਫੀਆ ਏਜੰਸੀ ਰਾਅ ਦੇ ਸਾਬਕਾ ਮੁੱਖੀ ਰਾਮਨਾਥ ਕਾਓ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਹੈਲੀਕਾਪਟਰ ਆਪ੍ਰੇਸ਼ਨ ਰਾਹੀਂ ਪਹਿਲਾਂ ਚੌਕ ਮਹਿਤਾ ਗੁਰਦੁਆਰੇ ਅਤੇ ਫਿਰ ਸ੍ਰੀ ਹਰਿਮੰਦਰ ਸਾਹਿਬ ਤੋਂ ਅਗਵਾ ਕਰਾਉਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਇਸ ਬਾਰੇ ਰਾਮਨਾਥ ਕਾਓ ਨੇ ਬ੍ਰਿਟਿਸ਼ ਹਾਈਕਮਿਸ਼ਨ ਵਿੱਚ ਕੰਮ ਕਰ ਰਹੇ ਬ੍ਰਿਟਿਸ਼ ਖੁਫੀਆ ਏਜੰਸੀ ਐਮ ਆਈ-6 ਦੇ ਦੋ ਜਾਸੂਸਾਂ ਨਾਲ ਇਕੱਲਿਆਂ ਮੁਲਾਕਾਤ ਵੀ ਕੀਤੀ ਸੀ।

ਬੀ ਬੀ ਸੀ ਵੱਲੋਂ ਜਾਰੀ ਰਿਪੋਰਟ ਵਿੱਚ ਰਾਅ ਦੇ ਸਾਬਕਾ ਐਡੀਸ਼ਨਲ ਸੈਕਟਰੀ ਬੀ ਰਮਨ ਦੀ ਕਿਤਾਬ ‘ਕਾਓ ਬਾਇਜ਼ ਰਾਅ’ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਦਸੰਬਰ 1983 ਵਿੱਚ ਬ੍ਰਿਟਿਸ਼ ਖੁਫੀਆ ਏਜੰਸੀ ਐਮ ਆਈ-6 ਦੇ ਦੋ ਜਸੂਸਾਂ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਮੁਆਇਨਾ ਕੀਤਾ ਸੀ, ਇਨ੍ਹਾਂ ਵਿੱਚੋਂ ਇੱਕ ਉਹ ਸਖ਼ਸ਼ ਵੀ ਸੀ, ਜਿਸ ਨੇ ਰਾਅ ਦੇ ਮੁਖੀ ਕਾਓ ਨਾਲ ਮੁਲਕਾਤ ਕੀਤੀ ਸੀ। ਬ੍ਰਿਟਿਸ਼ ਪੱਤਰਕਾਰ ਫਿਲ ਮਿਲਰ ਵੱਲੋਂ ਸ੍ਰੀਲੰਕਾ ਵਿੱਚ ਐਸ-ਏ-ਐਸ ਦੀ ਭੂਮਿਕਾ ਬਾਰੇ ਜਾਣਕਾਰੀ ਹਾਸਲ ਕਰ ਰਹੇ ਪੱਤਰਕਾਰ ਨੂੰ ਜਦੋਂ




ਸਿੱਖਾਂ ਨਾਲ ਸਬੰਧਿਤ ਦਸਤਾਵੇਜ਼ ਮਿਲੇ ਤਾਂ ਅਪਰੇਸ਼ਨ ਬਲਿਊ ਸਟਾਰ ਵਿੱਚ ਬ੍ਰਿਟੇਨ ਸਰਕਾਰ ਦੀ ਭੂਮਿਕਾ ਬਾਰੇ ਕਈ ਅਹਿਮ ਖੁਲਾਸੇ ਹੋਏ, ਜਿਸ ਵਿੱਚ ਮਿਲੇ ਪੱਤਰਾਂ ਤੋਂ ਪਤਾ ਲੱਗਾ ਕਿ ਭਾਰਤ ਦੇ ਕਮਾਂਡੋ ਆਪ੍ਰੇਸ਼ਨ ਦੀ ਯੋਜਨਾ ਵਿੱਚ ਬ੍ਰਿਟੇਨ ਦੀ ਮਦਦ ਲਈ ਗਈ ਸੀ।

ਪਤਾ ਲੱਗਦਾ ਹੈ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਐਮ ਆਈ-6 ਦੇ ਮੁਖੀ ਦੇ ਰਾਹੀਂ ਕਾਓਵੱਲੋਂ ਭੇਜੀ ਗਈ ਬੇਨਤੀ ਨੂੰ ਮੰਨ ਲਿਆ ਸੀ। ਇਸ ਭੂਮਿਕਾ ਬਾਰੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਵੱਲੋਂ ਦਿੱਤੇ ਜਾਂਚ ਆਦੇਸ਼ਾਂ ਤੋਂ ਬਾਅਦ ਵਿਦੇਸ਼ ਮੰਤਰੀ ਵਿਲੀਅਮ ਹੇਗ ਨੇ ਮੰਨਿਆ ਸੀ ਕਿ ਇੱਕ ਐਸ ਏ ਅਧਿਕਾਰੀ ਨੇ 8 ਫਰਵਰੀ ਤੋਂ 14 ਫਰਵਰੀ 1984 ਦੌਰਾਨ ਭਾਰਤ ਦੀ ਯਾਤਰਾ ਕੀਤੀ ਅਤੇ ਬ੍ਰਿਟਿਸ਼ ਖੁਫੀਆ ਅਧਿਕਾਰੀ ਦੀ ਸਲਾਹ ਸੀ ਕਿ ਫੌਜੀ ਆਪ੍ਰੇਸ਼ਨ ਨੂੰ ਆਖਰੀ ਬਦਲ ਵਜੋਂ ਰੱਖਿਆ ਜਾਵੇ। ਹੈਲੀਕਾਪਟਰ ਰਾਹੀਂ ਸੁਰੱਖਿਆ ਦਸਤਿਆਂ ਨੂੰ ਕੰਪਲੈਕਸ ਵਿੱਚ ਭੇਜਿਆ ਜਾਵੇ ਤੇ ਘੱਟ ਤੋਂ ਘੱਟ ਨੁਕਸਾਨ ਹੋਵੇ। ਕਿਹਾ ਜਾਂਦਾ ਹੈ ਕਿ ਇੰਦਰਾ ਗਾਂਧੀ ਦੇ ਸੀਨੀਅਰ ਸਲਾਹਕਾਰ ਰਾਮਨਾਥ ਕਾਓ ਦੀ ਮੌਜੂਦਗੀ ਵਿੱਚ ਉਨ੍ਹਾਂ ਦੇ 1 ਅਕਬਰ ਰੋਡ ਨਿਵਾਸ ਉਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਹੈਲੀਕਾਪਟਰ ਰਾਹੀਂ ਅਗਵਾ ਕਰਕੇ ਬਾਹਰ ਲਿਜਾਣ ਦੀ ਯੋਜਨਾ ਨੂੰ ਇੰਦਰਾ ਗਾਂਧੀ ਨੇ ਰੱਦ ਕਰ ਦਿੱਤਾ ਸੀ।

ਵਰਨਣ ਯੋਗ ਹੈ ਕਿ ਬੀ ਐਸ ਸਿੱਧੂ ਦੀ ਕਿਤਾਬ ‘ਦ ਖਾਲਿਸਤਾਨ ਕਾਂਸਪੀਰੇਸੀ’ ਵਿੱਚ ਵੀ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ। ਉਨ੍ਹਾਂ ਰਾਮ ਟੇਕਚੰਦ ਨਾਗਰਾਨੀ ਦੇ ਹਵਾਲੇ ਨਾਲ ਸੰਤ ਭਿੰਡਰਾਂਵਾਲੇ ਨੂੰ ਲੰਗਰ ਹਾਲ ਦੀ ਛੱਤ ਤੋਂ ਅਗਵਾ ਕਰਨ ਦੀ ਵਿਉਂਤ ਹੋਣ ਦੀ ਪੁਸ਼ਟੀ ਕੀਤੀ ਹੈ। ਇਸ ਯੋਜਨਾ ਨੂੰ ਰੱਦ ਕਰਨ ਤੋਂ ਤਿੰਨ ਮਹੀਨੇ ਬਾਅਦ ਅਪਰੇਸ਼ਨ ਬਲਿਊ ਸਟਾਰ ਹੋ ਗਿਆ ਸੀ। ਅਪਰੇਸ਼ਨ ਬਲਿਊ ਸਟਾਰ ਵਿੱਚ ਬ੍ਰਿਟੇਨ ਸਰਕਾਰ ਦੀ ਭੂਮਿਕਾ ਦੀ ਨਿਰਪੱਖ ਤੇ ਆਜ਼ਾਦ ਜਾਂਚ ਲਈ ਬ੍ਰਿਟੇਨ ਵਿੱਚ ਅੱਜ ਵੀ ਸਿੱਖ ਭਾਈਚਾਰਾ ਮੰਗ ਕਰ ਰਿਹਾ ਹੈ ਅਤੇ ਇਸ ਮੰਗ ਨੂੰ ਲੇਬਰ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਵੀ ਸ਼ਾਮਲ ਕੀਤਾ ਹੋਇਆ ਸੀ।

## ਚੀਨ-ਪਾਕਿਸਤਾਨ ਸੀ ਪੀ ਈ ਸੀ ਪ੍ਰਾਜੈਕਟ ਹਾਲ ਦੀ ਘੜੀ ਅੱਗੇ ਪਾ ਦਿੱਤਾ ਗਿਆ

ਬੀਜਿੰਗ, 19 ਨਵੰਬਰ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਕਾਰਨ ਬਣੇ ਹਾਲਤ ਨਾਲ ਚੀਨ ’ਚ ਚੱਲ ਰਹੀ ਸਿਆਸੀ ਉਥਲ-ਪੁਥਲ ਅਤੇ ਵਿਦੇਸ਼ੀ ਕਰਜ਼ਾ ਹੱਦ ਨਾਲ ਜੁੜੀਆਂ ਮੁਸ਼ਕਲਾਂ ਕਾਰਨ ਪਾਕਿਸਤਾਨ ’ਚ ਹੋ ਰਹੇ ਚੀਨੀ ਨਿਵੇਸ਼ ਉੱਤੇ ਬ੍ਰੇਕ ਲੱਗਦੀ ਜਾਪਦੀ ਹੈ। ਇਨ੍ਹਾਂ ਪ੍ਰੇਸ਼ਾਨੀਆਂ ਕਾਰਨ ਚੀਨ ਨੇ ਚਾਈਨਾ-ਪਾਕਿਸਤਾਨ ਇਕੋਨਾਮਿਕ ਕੋਰੀਡੋਰ (ਸੀ ਪੀ ਈ ਸੀ) ਦੇ ਤਹਿਤ ਚੱਲਦੇ 62 ਅਰਬ ਡਾਲਰ ਦੇ ਪ੍ਰਾਜੈਕਟਸ ਰੋਕ ਦਿੱਤੇ ਹਨ। ਇੱਕ ਰਿਪੋਰਟ ਮੁਤਾਬਕ ਪਾਕਿਸਤਾਨ ਵਿੱਚ ਘਰੇਲੂ ਸਿਆਸਤ ’ਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਇਸ ਗੱਲ ਲਈ ਆਲੋਚਨਾ ਹੋ ਰਹੀ ਹੈ ਕਿ ਓਹ ਫੌਜ ਦੇ ਦਬਾਅ ’ਚ ਕੰਮ ਕਰ ਰਹੇ ਹਨ ਅਤੇ ਦੇਸ਼ ਵਿੱਚ ਚੀਨ ਦੇ ਵੱਡੇ ਨਿਵੇਸ਼ ਨੂੰ ਅੱਗੇ ਵਧਾਉਣ ’ਚ ਕੋਈ ਸਾਰਥਕ ਪਹਿਲ ਨਹੀਂ ਕਰ ਰਹੇ। ਵਰਨਣ ਯੋਗ ਹੈ ਕਿ ਸਾਲ 2018 ਵਿੱਚ ਪਿਛਲੀ ਨਵਾਜ਼ ਸ਼ਰੀਫ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਸ਼ੱਕ ਵਿੱਚ ਸੀ ਪੀ ਈ ਸੀ ਨਾਲ ਜੁੜੇ ਹੋਏ ਕਈ ਪ੍ਰਾਜੈਕਟਸ ਨੂੰ ਰੋਕ ਦਿੱਤਾ ਸੀ। ਇਸ 2 ਸਾਲ ਦੌਰਾਨ ਉਨ੍ਹਾਂ ਦੇ ਕੈਬਨਿਟ ਦੇ ਸਾਰੇ ਮੈਂਬਰਾਂ ਉੱਤੇ ਦੇਸ਼ ਦੇ ਪਾਵਰ ਸੈਕਟਰ ’ਚ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਪਾਕਿਸਤਾਨ ਦੀਆਂ ਲੱਗਭਗ ਇੱਕ ਤਿਹਾਈ ਪਾਵਰ ਕੰਪਨੀਆਂ ਸੀ ਪੀ ਈ ਸੀ ਦੇ ਤਹਿਤ




ਕੰਮ ਕਰਦੀਆਂ ਹਨ, ਜਿਨ੍ਹਾਂ ’ਤੇ ਭ੍ਰਿਸ਼ਟਾਚਾਰ ਦਾ ਦੋਸ਼ ਹੈ। ਰਿਪੋਰਟ ਦੇ ਮੁਤਾਬਕ ਪਾਕਿਸਤਾਨ ਨੇ ਸਕਿਓਰਟੀ ਐਂਡ ਐਕਸਚੈਂਜ ਕਮਿਸ਼ਨ ਆਫ ਪਾਕਿਸਤਾਨ (ਸੀ ਈ ਸੀ ਪੀ) ਵੱਲੋਂ ਤਿਆਰ ਕੀਤੀ 278 ਸਫਿਆਂ ਦੀ ਇਨਕੁਆਰੀ ਰਿਪੋਰਟ ਵਿੱਚ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ ਕਿ ਪਾਕਿਸਤਾਨ ਦੀਆਂ 16 ਪਾਵਰ ਕੰਪਨੀਆਂ ਨੇ ਉਨ੍ਹਾਂ ਨੂੰ ਮਿਲਣ ਵਾਲੀ ਸਬਸਿਡੀ ਵਿੱਚੋ 1.8 ਅਰਬ ਡਾਲਰ ਦਾ ਘਪਲਾ ਕੀਤਾ ਹੈ। ਇਨ੍ਹਾਂ ਵਿੱਚ ਉਹ ਕੰਪਨੀਆਂ ਸ਼ਾਮਲ ਹਨ, ਜੋ ਇਮਰਾਨ ਖਾਨ ਦੇ ਸਲਾਹਕਾਰਾਂ ਰੱਜਾਕ ਦਾਊਦ ਅਤੇ ਨਦੀਨ ਬਾਬਰ ਨਾਲ ਸਬੰਧਤ ਹਨ। ਸੀ ਈ ਸੀ ਪੀ ਚੀਨ ਦੀਆਂ ਪਾਵਰ ਕੰਪਨੀਆਂ ਵੱਲੋਂ ਕੀਤੀ ਗਈ ਕਮਾਈ ਦੀ ਵੀ ਜਾਂਚ ਕੀਤੀ ਗਈ ਹੈ, ਜਿਸ ਵਿੱਚ ਪਤਾ ਲੱਗਾ ਹੈ ਕਿ ਰਿਊਂਗ ਸ਼ਾਨਡੌਂਗ ਰੂਈ ਪਾਕਿਸਤਾਨ ਲਿਮਿਟਿਡ (ਐਚ ਐਸ ਆਰ) ਅਤੇ ਪੋਰਟ ਕਾਇਮ ਇਲੈਕਟ੍ਰਿਕ ਪਾਵਰ ਕੰਪਨੀ ਲਿਮਟਿਡ ਦੋਵਾਂ ਨੂੰ ਮਿਲਾਕੇ 483.6 ਅਰਬ ਰੁਪਏ (3 ਅਰਬ ਡਾਲਰ) ਦਾ ਓਵਰ ਪੇਮੈਂਟ ਕੀਤੀ ਗਈ ਹੈ।

## ਭਾਰਤ ਨੇ ਲੱਦਾਖ ਵਿੱਚ ਚੀਨੀ ਫੌਜ ਦੇ ‘ਮਾਈਕ੍ਰੋਵੇਵ ਵੈਪਨ’ ਦੀ ਵਰਤੋਂ ਨੂੰ ਰੱਦ ਕੀਤਾ

ਵਾਸ਼ਿੰਗਟਨ, 19 ਨਵੰਬਰ (ਪੋਸਟ ਬਿਊਰੋ)- ਭਾਰਤ ਨੇ ਲੱਦਾਖ ਵਿੱਚ ਚੀਨੀ ਫੌਜ ਵੱਲੋਂ ਭਾਰਤੀ ਫੌਜੀਆਂ ਦੇ ਖਿਲਾਫ ‘ਮਾਈਕ੍ਰੋਵੇਵ ਵੈਪਨ’ ਦੀ ਵਰਤੋਂ ਕੀਤੇ ਜਾਣ ਦਾ ਦਾਅਵਾ ਰੱਦ ਕਰ ਦਿੱਤਾ ਹੈ। ਇਹ ਦਾਅਵਾ ਇੱਕ ਚੀਨੀ ਪ੍ਰੋਫੈਸਰ ਨੇ ਕੀਤਾ ਸੀ। ਭਾਰਤੀ ਅਧਿਕਾਰੀਆਂ ਮੁਤਾਬਕ ਪ੍ਰੋਫੈਸਰ ‘ਫਰਜ਼ੀ ਖਬਰ’ ਫੈਲਾਅ ਰਿਹਾ ਹੈ।



ਵਾਸ਼ਿੰਗਟਨ ਦੇ ਐਗਜਾਮੀਨਰ ਮੁਤਾ-ਬਕ ਪੇਈਚਿੰਗ ਦੇ ਪ੍ਰੋਫੈਸਰ ਦਾ ਦਾਅਵਾ ਹੈ ਕਿ ਚੀਨੀ ਫੌਜਾਂ ਨੇ ਹਥਿਆਰ ਨਾ ਵਰਤਣ ਦੇ ਦਹਾਕਿਆਂ ਪੁਰਾਣੇ ਸਮਝੌਤੇ ਦਾ ਸਨਮਾਨ ਕਰਦੇ ਹੋਏ ਲੜਨ ਲਈ ਇਨ੍ਹਾਂ ਹਥਿਆਰਾਂ ਦੀ ਵਰਤੋਂ ਕੀਤੀ ਸੀ। ਬ੍ਰਿਟੇਨ ਦੇ ਇੱਕ ਅਖ਼ਬਾਰ ਮੁਤਾਬਕ ਚੀਨ ਦੀ ਰੇਨਮਿਨ ਯੂਨੀਵਰਸਿਟੀ ਦੇ ਸਕੂਲ ਆਫ ਇੰਟਰਨੈਸ਼ਨਲ ਸਟਡੀਜ ਦੇ ਐਸੋਸਈਏਟ ਡੀਨ ਜਿਨ ਕੇਨਰਾਂਗ ਦਾ ਦਾਅਵਾ ਹੈ ਕਿ ਭਾਰਤੀ ਫੌਜੀਆਂ ਵੱਲੋਂ ਕਬਜ਼ੇ ’ਚ ਲਈਆਂ ਗਈਆਂ ਦੋਵੇਂ ਚੋਟੀਆਂ ਰਣਨੀਤਕ ਦ੍ਰਿਸ਼ਟੀ ਨਾਲ ਬਹੁਤ ਅਹਿਮ ਸਨ। ਫਾਇਰਿੰਗ ਨਾ ਕਰਨ ਦੇ ਹੁਕਮ ਕਾਰਨ ਫੌਜੀਆਂ ਨੇ ਮਾਈਕ੍ਰੋਵੇਵ ਵੈਪਨ ਦੀ ਵਰਤੋਂ ਕਰ ਕੇ ਚੋਟੀਆਂ ’ਤੇ ਹਮਲਾ ਕੀਤਾ। ਇਸ ਨਾਲ ਇੱਥੇ ਮਾਈਕ੍ਰੋਵੇਵ ਓਵਨ ਵਰਗੀ ਸਥਿਤੀ ਹੋ ਗਈ ਅਤੇ ਭਾਰਤੀ ਫੌਜੀਆਂ ਨੂੰ ਪ੍ਰੇਸ਼ਾਨੀ ਹੋਣ ਲੱਗੀ ਅਤੇ ਉਹ ਭੱਜ ਗਏ। ਜਿਨ ਕੇਨਰਾਂਗ ਨੇ ਕਿਹਾ ਕਿ ਪਹਾੜੀ ਉੱਤੇ ਕਬਜ਼ਾ ਕਰੀ ਬੈਠੇ ਭਾਰਤੀ ਫੌਜੀਆਂ ਨੂੰ 15 ਮਿੰਟ ਵਿੱਚ ਉਲਟੀਆਂ ਆਉਣ ਲੱਗੀਆਂ। ਉਨ੍ਹਾਂ ਨੂੰ ਖੜ੍ਹੇ ਹੋਣ ’ਚ ਮੁਸ਼ਕਲ ਹੋ ਰਹੀ ਸੀ। ਇਸ ਲਈ ਉਹ ਭੱਜ ਗਏ। ਇਸੇ ਤਰ੍ਹਾਂ ਅਸੀਂ ਇੱਥੇ ਆਪਣਾ ਕਬਜ਼ਾ ਕਰ ਲਿਆ। ਪ੍ਰੋਫੈਸਰ ਨੇ ਦਾਅਵਾ ਕੀਤਾ ਕਿ ਹਮਲਾ 29 ਅਗਸਤ ਨੂੰ ਹੋਇਆ ਸੀ, ਪਰ ਭਾਰਤੀ ਅਧਿਕਾਰੀ ਨੇ ਕਿਹਾ ਕਿ ਅਜਿਹਾ ਕਦੇ ਨਹੀਂ ਹੋਇਆ। ਜੇ ਉਨ੍ਹਾਂ ਉਥੇ ਕਬਜ਼ਾ ਕਰ ਲਿਆ ਹੈ ਤਾਂ ਚੀਨ ਅਜੇ ਵੀ ਭਾਰਤ ਨੂੰ ਇਨ੍ਹਾਂ ਉਚਾਈਆਂ ਤੋਂ ਹਟਣ ਲਈ ਕਿਉਂ ਕਹਿ ਰਿਹਾ ਹੈ?

ਮਾਈਕ੍ਰੋਵੇਵ ਇਲੈਕਟ੍ਰੋ ਮੈਗਨੈਟਿਕ ਰੇਡੀਏਸ਼ਨ ਦਾ ਇੱਕ ਰੂਪ ਹੁੰਦਾ ਹੈ। ਇਸ ਦੀ ਖਾਣਾ ਪਕਾਉਣ ਅਤੇ ਰਡਾਰ ਸਿਸਟਮ ’ਚ ਵਰਤੋਂ ਕੀਤੀ ਜਾਂਦੀ ਹੈ। ਕਈ ਦੇਸ਼ਾਂ ’ਚ ਇਸ ਤਕਨੀਕ ਨੂੰ ਹਥਿਆਰਾਂ ਵਜੋਂ ਵਰਤਣ ਲਈ ਖੋਜ ਚਲ ਰਹੀ ਹੈ। ਮਾਈਕ੍ਰੋਵੇਵ ਹਥਿਆਰ ਘੱਟ ਖਤਰਨਾਕ ਹੁੰਦੇ ਹਨ। ਇਹ ਇਸ ਦੀ ਸਭ ਤੋਂ ਵੱਡੀ ਖਾਸੀਅਤ ਹੈ।

## ਸੰਸਾਰ ਦੀ ਸਭ ਤੋਂ ਉਚੀ ਇਮਾਰਤ ਤੋਂ ਉਡਾਰੀ ਲਾਉਣ ਵਾਲੇ ਜੈਟਮੈਨ ਦੀ ਟਰੇਨਿੰਗ ਦੌਰਾਨ ਮੌਤ

ਨਿਊ ਯਾਰਕ, 19 ਨਵੰਬਰ (ਪੋਸਟ ਬਿਊਰੋ)- ਐਡਵੈਂਚਰ ਦੇ ਸ਼ਹਿਨਸ਼ਾਹ, 36 ਸਾਲਾ ਫਰੈਂਚ ਸਟੰਟਮੈਨ ਵਿੰਸ ਰੈਫੈਟ ਦੀ ਕੱਲ੍ਹ ਦੁਬਈ ਵਿੱਚ ਟਰੇਨਿੰਗ ਦੌਰਾਨ ਹਾਦਸੇ ਵਿੱਚ ਮੌਤ ਹੋ ਗਈ। ਮੌਤ ਦੇ ਕਾਰਨਾਂ ਦੀ ਜਾਂਚ ਜਾਰੀ ਹੈ। ਲੋਕ ਉਨ੍ਹਾਂ ਨੂੰ ‘ਜੈਟਮੈਨ’ ਦੇ ਨਾਂਅ ਨਾਲ ਜਾਣਦੇ ਸਨ।



ਵਰਨਣ ਯੋਗ ਹੈ ਕਿ ਵਿੰਸ ਜੈਟਪੈਕਸ ਅਤੇ ਕਾਰਬਨ-ਫਾਈਬਰ ਦੇ ਖੰਭਾਂ ਦੇ ਨਾਲ ਹਵਾ ਵਿੱਚ ਕਰਤੱਬ ਦਿਖਾਉਣ ਲਈ ਮਸ਼ਹੂਰ ਸਨ। ਉਨ੍ਹਾਂ ਨੇ ਕਈ ਰਿਕਾਰਡ ਆਪਣੇ ਨਾਂਅ ਕੀਤੇ ਸਨ। ਪਿਠ ਉੱਤੇ ਇੰਜਣ ਵਾਲਾ ਜੰਬੋ-ਜੈਟ ਬੰਨ੍ਹ ਕੇ ਦੁਨੀਆ ਦੀ ਸਭ ਤੋਂ ਉਚੀ ਇਮਾਰਤ ‘ਬੁਰਜ ਖਲੀਫਾ’ ਤੋਂ 2700 ਫੁੱਟ ਉਚਾਈ ਤੋਂ ਬੇਸ-ਜੰਪਿੰਗ ਕਰਨ ਵਾਲੇ ਉਨ੍ਹਾਂ ਦੇ ਵੀਡੀਓ ਲੋਕਾਂ ਨੂੰ ਹੈਰਾਨ ਕਰ ਦਿੰਦੇ ਸਨ। ਸਿਰਫ ਇਹੀ ਨਹੀਂ, ਸਵਿਟਜ਼ਰਲੈਂਡ ਦੇ 13 ਹਜ਼ਾਰ ਫੁੱਟ ਦੇ ਪਹਾੜ ਤੋਂ ਪੰਛੀਆਂ ਵਾਂਗ ਉਡਾਣ ਭਰ ਕੇ ਵਿੰਸ ਨੇ ਲੋਕਾਂ ਨੂੰ ਹੈਰਾਨੀ ਵਿੱਚ ਪਾ ਦਿੱਤਾ ਸੀ।

ਰੈਫੈਟ ਆਪਣੇ ਜੈਟ-ਸੂਟ ਵਿੱਚ 400 ਕਿਲੋਮੀਟਰ ਦੀ ਰਫਤਾਰ ਨਾਲ ਉਡਾਣ ਭਰਦੇ ਸਨ। ਉਨ੍ਹਾਂ ਨੇ ਯੇਵਸ ਰੋਸੀ ਦੇ ਨਾਲ ਮਿਲਕੇ ਪਹਿਲੀ ਵਾਰ ਪੰਜ ਨਵੰਬਰ 2015 ਨੂੰ ਦੁਨੀਆ ਦੀ ਸਭ ਤੋਂ ਉਚੀ ਉਮਾਰਤ ਦੁਬਈ ਦੀ ਬੁਰਜ ਖਲੀਫਾ ਤੋਂ ਉਡਾਣ ਭਰੀ ਸੀ। ਦੋਵਾਂ ਨੇ ਅਮੀਰਾਤ ਏਅਰ ਲਾਈਨਜ਼ ਦੀ ਏਅਰ ਬੱਸ ਏ-380 ਦੇ ਨਾਲ ਅਤੇ ਉਪਰ ਹੇਠਾਂ ਜੈਟਪੈਕ ਨਾਲ ਉਡਾਣ ਭਰ ਕੇ ਇੱਕ ਬਹੁਤ ਹੀ ਮੁਸ਼ਕਲ ਭਰੇ ਸਟੰਟ ਨੂੰ ਕਾਮਯਾਬ ਕੀਤਾ ਸੀ। ਜਿਸ ਸਮੇਂ ਦੋਵੇਂ ਡੇਅਰ ਡੇਵਿਲ ਇਸ ਖਤਰਨਾਕ ਸਟੰਟ ਨੂੰ ਕਰ ਰਹੇ ਸਨ, ਉਸ ਸਮੇਂ ਏਅਰ ਬੱਸ ਦੁਬਈ ਤੋਂ 4000 ਫੁੱਟ ਉਚਾਈ ’ਤੇ ਉਡਾਣ ਭਰ ਰਹੀ ਸੀ।

ਵਿੰਸ ਨੇ ਇਸ ਕਾਰਨਾਮੇ ਤੋਂ ਬਾਅਦ ਦੱਸਿਆ ਸੀ ਕਿ ਇਹ ਸਟੰਟ ਕਾਫੀ ਖਤਰਨਾਕ ਅਤੇ ਰੋਮਾਂਚਕ ਸੀ। ਇਸ ਉਡਾਣ ਦੇ ਲਈ ਦੋਵਾਂ ਨੇ 10 ਮਿੰਟ ਦਾ ਸਮਾਂ ਲਿਆ। ਜਦ ਉਹ ਏਅਰ ਬੱਸ ਦੇ ਨੇੜਿਉਂ ਲੰਘਦੇ ਸਨ, ਤਾਂ ਉਸ ਵਿੱਚ ਸਵਾਰ ਯਾਤਰੀ ਵੀ ਕਾਫੀ ਉਤਸੁਕ ਹੋ ਕੇ ਉਨ੍ਹਾਂ ਦੀ ਫੋਟੋ ਲੈਣ ਵਿੱਚ ਲੱਗ ਗਏ ਸਨ। ਇਸ ਤੋਂ ਪਹਿਲਾਂ ਇਨ੍ਹਾਂ ਦੋਵਾਂ ਨੇ ਪਾਮ ਆਈਲੈਂਡ ਦੇ ਉਪਰ ਜੈਟ ਪਾਵਰਡ ਫਾਈਬਰ ਵਿੰਗਸ ਲਾ ਕੇ ਉਡਾਣ ਭਰੀ ਸੀ। ਉਨ੍ਹਾਂ ਨੇ ਇਸ ਨੂੰ ਆਪਣੀ ਤਰ੍ਹਾਂ ਦਾ ਪਹਿਲਾ ਅਨੋਖਾ ਕਾਰਨਾਮਾ ਦੱਸਿਆ ਸੀ। ਰੈਫੈਟ ਨੇ 2016 ਵਿੱਚ ਜੈਟਪੈਕ ਅਤੇ ਕਾਰਬਨ-ਫਾਇਰ ਵਿੰਗ ਦੀ ਮਦਦ ਨਾਲ ਅਸਮਾਨ ਵਿੱਚ 1800 ਮੀਟਰ ਦੀ ਉਚਾਈ ਤੱਕ ਉਡਾਣ ਭਰੀ ਸੀ।


ਵਿੰਸ ਨੇ 2016 ਵਿੱਚ ਇੱਕ ਇੰਟਰਵਿਊ ਦੇ ਦੌਰਾਨ ਕਿਹਾ ਸੀ ਕਿ ਸਾਡੀ ਅਗਲੀ ਕੋਸ਼ਿਸ਼ ਹੋਵੇਗੀ ਕਿ ਅਸੀਂ ਜਦ ਉਡਾਣ ਭਰਦੇ ਸਮੇਂ ਉਚਾਈ ਤੱਕ ਜਾਈਏ ਤਾਂ ਸਾਨੂੰ ਵਾਪਸ ਹੇਠਾਂ ਆਉਣ ਲਈ ਪੈਰਾਸ਼ੂਟ ਦਾ ਨਾ ਵਰਤਣਾ ਪਵੇ। ਰੈਫੈਟ ਦੇ ਜੈਟ ਸੂਟ ਵਿੱਚ ਲੱਗਾ ਕਾਰਬਨ ਫਾਈਬਰ ਵਿੰਗ ਚਾਰ ਮਿੰਨੀ ਜੈਟ ਇੰਜਣਾਂ ਦੀ ਮੱਦਦ ਨਾਲ ਚਲਾਇਆ ਜਾਂਦਾ ਸੀ।

## ਬਰਾਕ ਓਬਾਮਾ ਨੇ ਲਿਖਿਐ, ਪਾਕਿ ਫੌਜ ਅਤੇ ਆਈ ਐਸ ਆਈ ਵਿਚਲੇ ਕੁਝ ਤੱਤਾਂ ਦਾ ਅਲ ਕਾਇਦਾ ਨਾਲ ਸਬੰਧ

*** ਭਾਰਤੀ ਉਦਯੋਗਪਤੀਆਂ ਦੇ ਰਾਜਿਆਂ ਅਤੇ ਮੁਗ਼ਲਾਂ ਨਾਲੋਂ ਵੱਧ ਠਾਠ**

ਵਾਸ਼ਿੰਗਟਨ, 19 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਉਨ੍ਹਾਂ ਨੇ ਐਬਟਾਬਾਦ ’ਚ ਓਸਾਮਾ ਬਿਨ ਲਾਦੇਨ ਦੇ ਟਿਕਾਣਿਆਂ ’ਤੇ ਛਾਪਾ ਮਾਰਨ ਦੀ ਮੁਹਿੰਮ ਵਿੱਚ ਪਾਕਿਸਤਾਨ ਨੂੰ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਉਹ ਖੁੱਲ੍ਹਾ ਭੇਦ ਸੀ ਕਿ ਪਾਕਿਸਤਾਨ ਦੀ ਫ਼ੌਜ, ਖ਼ਾਸਕਰ ਕੇ ਉਸ ਦੀ ਖੁਫ਼ੀਆ ਏਜੰਸੀ ਵਿੱਚ ਕੁਝ ਤੱਤਾਂ ਦੇ ਤਾਲਿਬਾਨ ਅਤੇ ਅਲਕਾਇਦਾ ਨਾਲ ਸਬੰਧ ਸਨ ਅਤੇ ਉਹ ਕਈ ਵਾਰ ਅਫ਼ਗਾਨਿਸਤਾਨ ਤੇ ਭਾਰਤ ਦੇ ਖ਼ਿਲਾਫ਼ ਰਣਨੀਤਕ ਪੂੰਜੀ ਦੇ ਤੌਰ ਉੱਤੇ ਇਨ੍ਹਾਂ ਦੀ ਵਰਤੋਂ ਕਰਦੇ ਸਨ।

ਬਰਾਕ ਓਬਾਮਾ ਨੇ ‘ਏ ਪ੍ਰੋਮਿਸਡ ਲੈਂਡ’ ਨਾਂਅ ਦੀ ਆਪਣੀ ਕਿਤਾਬ ਵਿੱਚ ਰਾਸ਼ਟਰਪਤੀ ਵਜੋਂ ਆਪਣੇ ਕਾਰਜਕਾਲ ਵਿੱਚ ਐਬਟਾਬਾਦ ਵਿੱਚ ਮਾਰੇ ਗਏ ਛਾਪੇ ਦੀ ਜਾਣਕਾਰੀ ਦਿੱਤੀ ਹੈ।ਅਮਰੀਕੀ



ਕਮਾਂਡੋ ਦੇ ਇਸ ਛਾਪੇ ਵਿੱਚ ਦੁਨੀਆ ਦਾ ‘ਮੋਸਟ ਵਾਂਟੇਡ’ ਅੱਤਵਾਦੀ ਓਸਾਮਾ ਬਿਨ ਲਾਦੇਨ 2 ਮਈ 2011 ਨੂੰ ਮਾਰਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਅਤਿ-ਆਧੁਨਿਕ ਖ਼ੁਫੀਆ ਮੁਹਿੰਮ ਦਾ ਓਦੋਂ ਦੇ ਰੱਖਿਆ ਮੰਤਰੀ ਰੋਬਰਟ ਗੇਟਸ ਤੇ ਸਾਬਕਾ ਉਪ ਰਾਸ਼ਟਰਪਤੀ ਤੇ ਮੌਜੂਦਾ ਨਵੇਂ ਬਣੇ ਰਾਸ਼ਟਰਪਤੀ ਜੋਅ ਬਾਈਡਨ ਨੇ ਵਿਰੋਧ ਕੀਤਾ ਸੀ।

ਇਸ ਕਿਤਾਬ ਵਿੱਚ ਓਬਾਮਾ ਨੇ ਰਾਹੁਲ ਗਾਂਧੀ ਦੀ ਮਾਂ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਵੀ ਜ਼ਿਕਰ ਕੀਤਾ ਅਤੇ ਲਿਖਿਆ ਹੈ ਕਿ ਭਾਰਤ ਦੀ ਰਾਜਨੀਤੀ ਹਾਲੇ ਵੀ ਜਾਤੀ, ਧਰਮ ਅਤੇ ਪਰਵਾਰਵਾਦ ਦੇ ਦੁਆਲੇ ਘੁੰਮਦੀ ਹੈ, ਹਾਲਾਂਕਿ ਇਸ ਦੌਰਾਨ ਡਾ. ਮਨਮੋਹਨ ਸਿੰਘ ਦਾ ਪ੍ਰਧਾਨ ਮੰਤਰੀ ਦੇ ਰੂਪ ’ਚ ਚੁਣਿਆ ਜਾਣਾ ਦੇਸ਼ ਦੀ ਤਰੱਕੀ ਦੀ ਦਿਸ਼ਾ ’ਚ ਕੀਤਾ ਗਿਆ ਇੱਕ ਯਤਨ ਸੀ, ਪਰ ਨਾਲ ਇਹ ਵੀ ਸੱਚ ਹੈ ਕਿ ਉਹ ਆਪਣੀ ਹਰਮਨਪਿਆਰਤਾ ਦੀ ਵਜ੍ਹਾ ਨਾਲ ਪ੍ਰਧਾਨ ਮੰਤਰੀ ਨਹੀਂ ਬਣੇ, ਉਨ੍ਹਾਂ ਨੂੰ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਬਣਾਇਆ। ਇਸ ਬਾਰੇ ਕਈ ਮਾਹਰਾਂ ਦਾ ਮੰਨਣਾ ਹੈ ਕਿ ਸੋਨੀਆ ਗਾਂਧੀ ਨੇ ਮਨਮੋਹਨ ਸਿੰਘ ਦੀ ਚੋਣ ਕਾਫ਼ੀ ਸੋਚ ਕੇ ਕੀਤੀ ਸੀ, ਕਿਉਂਕਿ ਮਨਮੋਹਨ ਸਿੰਘ ਅਜਿਹੇ ਬਜ਼ੁਰਗ ਸਿੱਖ ਆਗੂ ਸਨ, ਜਿਨ੍ਹਾਂ ਦਾ ਕੋਈ ਕੌਮੀ ਸਿਆਸੀ ਆਧਾਰ ਨਹੀਂ ਸੀ। ਅਜਿਹੇ ਨੇਤਾ ਤੋਂ ਉਨ੍ਹਾਂ ਨੂੰ ਆਪਣੇ ਪੁੱਤਰ ਰਾਹੁਲ ਲਈ ਕੋਈ ਸਿਆਸੀ ਖ਼ਤਰਾ ਨਹੀਂ ਦਿੱਸਿਆ, ਕਿਉਂਕਿ ਉਦੋਂ ਉਹ ਉਸ ਨੂੰ ਇੱਕ ਵੱਡੀ ਭੂਮਿਕਾ ਲਈ ਤਿਆਰ ਕਰ ਰਹੀ ਸੀ।

## ਚੋਣਾਂ ਵਿੱਚ ਹਾਰ ਪਿੱਛੋਂ ਡੋਨਾਲਡ ਟਰੰਪ ਈਰਾਨ ’ਤੇ ਹਮਲਾ ਕਰਨ ਵਾਲਾ ਸੀ

ਵਾਸ਼ਿੰਗਟਨ, 19 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਚੋਣਾਂ ਵਿੱਚ ਮਿਲੀ ਹਾਰ ਪਿੱਛੋਂ ਈਰਾਨ ’ਤੇ ਹਮਲਾ ਕਰਨ ਵਾਲੇ ਸਨ। ਉਨ੍ਹਾਂ ਦੇ ਨਿਸ਼ਾਨੇ ’ਤੇ ਈਰਾਨ ਦਾ ਮੁੱਖ ਐਟਮੀ ਕੇਂਦਰ ਨਤਾਂਜ ਸੀ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਈਰਾਨ ਦੀ ਐਟਮੀ ਸਮੱਗਰੀ ਵਿੱਚ ਹੋ ਰਹੇ ਲਗਾਤਾਰ ਵਾਧੇ ਦੇ ਨਾਂਅ ਹੇਠ ਟਰੰਪ ਇਹ ਫੈਸਲਾ ਲੈਣਾ ਚਾਹੁੰਦੇ ਸਨ। ਇਸ ਰਿਪੋਰਟ ਮੁਤਾਬਕ ਟਰੰਪ ਨੇ ਪਿਛਲੇ ਹਫ਼ਤੇ ਹੋਈ ਇੱਕ ਬੈਠਕ ਵਿੱਚ ਈਰਾਨ ਦੇ ਐਟਮੀ ਅੱਡਿਆਂ ਨੂੰ ਤਬਾਹ ਕਰਨ ਦੇ ਬਦਲਾਂ ਬਾਰੇ ਆਪਣੇ ਸਲਾਹਕਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ। ਇਸ ਵਿੱਚ ਉਪ ਰਾਸ਼ਟਰਪਤੀ ਮਾਈਕ ਪੈਂਸ, ਰੱਖਿਆ ਮੰਤਰੀ



ਕ੍ਰਿਸਟੋਫਰ ਮਿਲਰ ਅਤੇ ਜਾਇੰਟ ਚੀਫ ਆਫ ਸਟਾਫ ਮਾਰਕ ਮਿਲੀ ਵਰਗੇ ਲੋਕ ਸ਼ਾਮਲ ਸਨ। ਇਸ ਦੌਰਾਨ ਟਰੰਪ ਨੂੰ ਸਲਾਹ ਦਿੱਤੀ ਗਈ ਕਿ ਜੇ ਇਹੋ ਜਿਹਾ ਕਦਮ ਚੁੱਕਿਆ ਗਿਆ ਤਾਂ ਇਸ ਨਾਲ ਈਰਾਨ ਤੇ ਅਮਰੀਕਾ ਵਿਚਾਲੇ ਪਾੜਾ ਬਹੁਤ ਜ਼ਿਆਦਾ ਵਧ ਜਾਵੇਗਾ।

# ਸੀ ਜੇ ਐਮ ਆਰ 1320 ਏਐਮ ਰੇਡੀਓ ਵੱਲੋਂ ਸੇਵਾ ਫੂਡ ਬੈਂਕ ਦੀ ਸਹਾਇਤਾ ਲਈ ਰੇਡੀਓਥੌਨ 30 ਨੂੰ





ਮਿਸੀਸਾਗਾ, 19 ਨਵੰਬਰ (ਪੋਸਟ ਬਿਊਰੋ) : ਸੀ ਜੇ ਐਮ ਆਰ 1320 ਏਐਮ ਰੇਡੀਓ ਸਟੇਸ਼ਨ ਦੇ ਪੰਜਾਬੀ ਰੇਡੀਓ ਪ੍ਰੋਡਿਊਸਰਜ਼ ਵੱਲੋਂ ਭੁੱਖ ਮਿਟਾਉਣ ਲਈ ਕਮਿਊਨਿਟੀ ਦੀ ਮਦਦ ਕਰ ਰਹੇ ਸੇਵਾ ਫੂਡ ਬੈਂਕ ਦੀ ਸਹਾਇਤਾ ਲਈ ਇੱਕ ਵਾਰੀ ਫਿਰ ਪਹਿਲਕਦਮੀ ਕੀਤੀ ਗਈ ਹੈ। ਇਸ ਸਾਲ ਉਨ੍ਹਾਂ ਵੱਲੋਂ 10ਵੀਂ ਰੇਡੀਓਥੌਨ ਐਂਡ ਫੂਡ ਡਰਾਈਵ ਦੀ ਮੇਜ਼ਬਾਨੀ ਕੀਤੀ ਜਾਵੇਗੀ। ਪਿਛਲੀ ਨੌਂ ਰੇਡੀਓਥੌਨਜ਼ ਤੇ ਫੂਡ ਡਰਾਈਵਜ਼ ਦੌਰਾਨ ਸਾਂਝੇ ਤੌਰ ਉੱਤੇ ਇੱਕ ਮਿਲੀਅਨ ਡਾਲਰ ਦੀ ਨਕਦੀ ਤੇ ਸੇਵਾ ਫੂਡ ਬੈਂਕ ਲਈ 400,000 ਪਾਊਂਡ ਫੂਡ ਇੱਕਠਾ ਹੋ ਚੁੱਕਿਆ ਹੈ।

2020 ਰੇਡੀਓਥੌਨ 30 ਨਵੰਬਰ, ਦਿਨ ਸੋਮਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮਦਿਨ ਦੀ ਵਰ੍ਹੇਗੰਢ ਮੌਕੇ ਕਰਵਾਈ ਜਾਵੇਗੀ। ਇਸ ਲਈ ਸਪੋਰਟਰਜ਼ ਕਿਸੇ ਵੀ ਪੰਜਾਬੀ ਸ਼ੋਅ ਵਿੱਚ ਕਾਲ ਕਰਕੇ ਆਪਣੇ ਵੱਲੋਂ ਕੀਤੀ ਜਾਣ ਵਾਲੀ ਮਦਦ ਦਾ ਐਲਾਨ ਲਾਈਵ ਕਰ ਸਕਣਗੇ। ਇਨ੍ਹਾਂ ਸ਼ੋਅਜ਼ ਵਿੱਚ ਰੰਗਲਾ ਪੰਜਾਬ, ਪਰਵਾਸੀ, ਪੰਜਾਬ ਦੀ ਗੂੰਜ, ਗੀਤਾਂ ਨਾਲ ਪ੍ਰੀਤਾਂ, ਆਪਣਾ ਪੰਜਾਬ ਰੇਡੀਓ, ਫੁਲਕਾਰੀ, ਸਰਗਮ, ਅੱਜ ਦੀ ਆਵਾਜ਼ ਤੇ ਮਹਿਫਿਲ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਸਰੋਤੇ 28 ਤੇ 29 ਨਵੰਬਰ ਵਾਲੇ ਵੀਕੈਂਡ ਉੱਤੇ ਵੀ ਦਿਲ ਆਪਣਾ ਪੰਜਾਬੀ, ਸੁਰਖਾਬ ਰੇਡੀਓ, ਸਾਡਾ ਵਿਰਸਾ, ਹਮ, ਰੋਡ ਨਿਊਜ਼ ਰੰਗੋਲੀ, ਵੁਆਇਸ ਆਫ ਏਸ਼ੀਆ, ਸਾਂਝ ਦਿਲਾਂ ਦੀ ਤੇ ਏਸ਼ੀਅਨ ਵਿਜ਼ਨ ਪ੍ਰੋਗਰਾਮਾਂ ਵਿੱਚ ਵੀ ਡੋਨੇਸ਼ਨਜ਼ ਦਾ ਐਲਾਨ ਕਰ ਸਕਦੇ ਹਨ। ਸੀ ਜੇ ਐਮ ਆਰ 1320 ਏਐਮ ਰੇਡੀਓ ਸਟੇਸ਼ਨ ਦੇ ਮਾਲਕਾਂ ਵੱਲੋਂ ਵੀ ਇਸ ਮੌਕੇ ਡੋਨੇਸ਼ਨ ਦਿੱਤੀ ਜਾ ਰਹੀ ਹੈ।

ਮਹਾਂਮਾਰੀ ਕਾਰਨ ਇਹ 2020 ਫੂਡ ਡਰਾਈਵ ਵਰਚੂਅਲ ਹੈ ਤੇ ਇਹ 14 ਨਵੰਬਰ ਤੋਂ ਸ਼ੁਰੂ ਹੋ ਚੁੱਕੀ ਹੈ ਤੇ ਇਹ ਸ਼ੁੱਕਰਵਾਰ 27 ਨਵੰਬਰ ਤੱਕ ਚੱਲੇਗੀ। ਬਹੁਤੀਆਂ ਜ਼ਰੂਰੀ ਚੀਜ਼ਾਂ ਜਿਹੜੀਆਂ ਚਾਹੀਦੀਆਂ ਹਨ ਤੇ ਡਰੌਪ ਆਫ ਲੋਕੇਸ਼ਨਜ਼ ਦੀ ਸੂਚੀ www.sevafoodbank.com/radiothon ਉੱਤੇ ਦਰਜ ਹੈ। ਰੇਡੀਓ ਦੇ ਹੋਸਟ ਕੁਲਦੀਪ ਦੀਪਕ ਨੇ ਆਖਿਆ ਕਿ ਸੇਵਾ ਫੂਡ ਬੈਂਕ ਗੁਰੂ ਨਾਨਕ ਦੀਆਂ ਸਿੱਖਿਆਵਾਂ ਚੜ੍ਹਦੀ ਕਲਾ, ਸਰਬੱਤ ਦਾ ਭਲਾ ਅਤੇ ਨਿਸਵਾਰਥ ਸੇਵਾ ਵਰਗੀਆਂ ਕਦਰਾਂ ਕੀਮਤਾਂ ਉੱਤੇ ਕਾਇਮ ਕੀਤਾ ਗਿਆ ਹੈ। ਮਹਾਂਮਾਰੀ ਦੇ ਇਸ ਦੌਰ ਤੋਂ ਸਪਸ਼ਟ ਹੈ ਕਿ ਪਹਿਲਾਂ ਨਾਲੋਂ ਡੋਨੇਸ਼ਨ ਦੀ ਇਸ ਵਾਰੀ ਜ਼ਿਆਦਾ ਲੋੜ ਹੈ। ਉਨ੍ਹਾਂ ਆਖਿਆ ਕਿ ਲਗਾਤਾਰ 10ਵੇਂ ਸਾਲ ਰੇਡੀਓਥੌਨ ਰਾਹੀਂ ਸੇਵਾ ਫੂਡ ਬੈਂਕ ਦੀ ਮਦਦ ਕਰਕੇ ਉਨ੍ਹਾਂ ਨੂੰ ਬਹੁਤ ਮਾਣ ਤੇ ਖੁਸ਼ੀ ਹੋ ਰਹੀ ਹੈ।

# ਐਫ ਡੀ ਏ ਨੇ ਕੋਵਿਡ-19 ਹੋਮ ਟੈਸਟ ਕਿੱਟ ਨੂੰ ਦਿੱਤੀ ਮਨਜ਼ੂਰੀ



ਵਾਸ਼ਿੰਗਟਨ, 19 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਸਬੰਧ ਵਿੱਚ ਇੱਕ ਨਵੀਂ ਟੈਸਟ ਕਿੱਟ ਨੂੰ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ( ਐਫ ਡੀ ਏ) ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਫੈਸਲੇ ਦੀ ਨੌਰਥ ਅਮਰੀਕਾ ਲਈ ਕਾਫੀ ਅਹਿਮੀਅਤ ਹੈ।

ਐਫ ਡੀ ਏ ਦਾ ਕਹਿਣਾ ਹੈ ਕਿ ਇਸ ਨਾਲ ਨਤੀਜੇ ਤੇਜ਼ੀ ਨਾਲ ਮਿਲ ਸਕਣਗੇ। ਐਫ ਡੀ ਏ ਵੱਲੋਂ ਇਸ ਹੋਮ ਟੈਸਟ ਕਿੱਟ ਉੱਤੇ ਐਮਰਜੰਸੀ ਤੇ ਪਹਿਲੀ ਜਾਂਚ ਕੀਤੇ ਜਾਣ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ। "ਲਿਊਸਿਰਾ ਕੋਵਿਡ-19 ਆਲ ਇਨ ਵੰਨ ਟੈਸਟ ਕਿੱਟ ਦੀ ਵਰਤੋਂ" ਸਿਰਫ ਇੱਕ ਵਿਅਕਤੀ ਉੱਤੇ ਇੱਕ ਵਾਰੀ ਹੀ ਕੀਤੀ ਜਾ ਸਕਦੀ ਹੈ ਤੇ ਇਹ ਕਿੱਟ ਕੋਵਿਡ-19 ਦੇ ਮੁੱਖ ਕਾਰਨ ਕਰੋਨਾਵਾਇਰਸ ਦਾ ਪਤਾ ਲਾਉਣ ਵਿੱਚ ਪੂਰੀ ਤਰ੍ਹਾਂ ਸਮਰੱਥ ਹੈ।

ਇਸ ਕਿੱਟ ਰਾਹੀਂ ਕੀਤੇ ਜਾਣ ਵਾਲੇ ਟੈਸਟ ਦਾ ਨਤੀਜਾ 30 ਮਿੰਟ ਵਿੱਚ ਹੀ ਆ ਸਕਦਾ ਹੈ। ਇਸ ਦੀ ਵਰਤੋਂ ਘਰ ਵਿੱਚ ਹੀ 14 ਸਾਲ ਤੋਂ ਵੱਡੇ ਵਿਅਕਤੀਆਂ ਦੇ ਨੱਕ ਰਾਹੀਂ ਸਵੈਬ ਸੈਂਪਲ ਇੱਕਠੇ ਕਰਨ ਲਈ ਸਬੰਧਤ ਵਿਅਕਤੀ ਵੱਲੋਂ ਆਪ ਹੀ ਕੀਤੀ ਜਾ ਸਕਦੀ ਹੈ। ਹਸਪਤਾਲਾਂ ਤੇ ਡਾਕਟਰਾਂ ਦੇ ਆਫਿਸ ਵਿੱਚ ਇਸ ਨਾਲ ਹਰ ਉਮਰ ਵਰਗ ਦੇ ਲੋਕਾਂ ਦੀ ਜਾਂਚ ਕੀਤੀ ਜਾ ਸਕਦੀ ਹੈ। ਇਹ ਟੈਸਟ ਕਿੱਝ ਪ੍ਰਿਸਕ੍ਰਿਪਸ਼ਨ ਦੇ ਅਧਾਰ ਉੱਤੇ ਹੀ ਹਾਲ ਦੀ ਘੜੀ ਹਾਸਲ ਕੀਤੀ ਜਾ ਸਕਦੀ ਹੈ।

# ਹੁਣ ਮੁੜ ਕੈਨੇਡਾ ਵਿੱਚ ਤਿਆਰ ਕੀਤੀ ਜਾਵੇਗੀ ਹੇਂਜ਼ ਕੈਚਅੱਪ




ਮਾਂਟਰੀਅਲ, 19 ਨਵੰਬਰ (ਪੋਸਟ ਬਿਊਰੋ) : ਛੇ ਸਾਲ ਪਹਿਲਾਂ ਹੇਂਜ਼ ਕੈਂਚਅੱਪ ਤਿਆਰ ਕਰਨ ਵਾਲੀ ਕੰਪਨੀ ਦੇ ਮਾਲਕ ਵੱਲੋਂ ਸਾਰੀ ਯੂਨਿਟ ਅਮਰੀਕਾ ਲਿਜਾਏ ਜਾਣ ਤੋਂ ਬਾਅਦ ਹੁਣ ਇੱਕ ਵਾਰੀ ਫਿਰ ਇਸ ਕੰਪਨੀ ਨੂੰ ਕੈਨੇਡਾ ਵਾਪਿਸ ਲਿਆਂਦਾ ਜਾ ਰਿਹਾ ਹੈ।

ਕੰਪਨੀ ਦੇ ਮਾਲਕ ਕ੍ਰਾਫਟ ਹੇਂਜ਼ ਨੇ ਦੱਸਿਆ ਕਿ ਉਹ ਅਗਲੀਆਂ ਗਰਮੀਆਂ ਵਿੱਚ ਮਾਂਟਰੀਅਲ ਸਥਿਤ ਆਪਣੀ ਫੈਕਟਰੀ ਵਿੱਚ ਕੈਂਚਅੱਪ ਤਿਆਰ ਕਰਨੀ ਸ਼ੁਰੂ ਕਰ ਦੇਣਗੇ। ਇਸ ਸਬੰਧ ਵਿੱਚ ਕੈਨੇਡੀਅਨ ਸਬਸਿਡਰੀ ਤੇ ਕਿਊਬਿਕ ਸਰਕਾਰ ਦਰਮਿਆਨ ਸਾਂਝੇ ਨਿਵੇਸ਼ ਦਾ ਫੈਸਲਾ ਵੀ ਲਿਆ ਗਿਆ ਹੈ। ਆਪਣੇ ਬਿਜ਼ਨਸ ਐਕਸਪੈਂਸ਼ਨ ਪ੍ਰੋਗਰਾਮ ਰਾਹੀਂ ਪ੍ਰੋਵਿੰਸ ਵੱਲੋਂ 17 ਮਿਲੀਅਨ ਡਾਲਰ ਦੇ ਇਸ ਪ੍ਰੋਜੈਕਟ ਵਿੱਚ 2 ਮਿਲੀਅਨ ਡਾਲਰ ਦੀ ਕਰਜ਼ਾ ਮੁਆਫੀ ਦੀ ਰਿਆਇਤ ਵੀ ਦਿੱਤੀ ਜਾ ਰਹੀ ਹੈ।

ਇਸ ਪ੍ਰੋਜੈਕਟ ਨਾਲ ਰੋਜ਼ਗਾਰ ਦੇ 30 ਨਵੇਂ ਮੌਕੇ ਮਿਲਣਗੇ ਅਤੇ ਇਸ ਦੇ ਨਾਲ ਹੀ ਕੰਪਨੀ ਦੀ ਮੌਂਟ ਰੌਇਲ ਫੈਸਿਲਿਟੀ ਉੱਤੇ 750 ਮੌਜੂਦਾ ਨੌਕਰੀਆਂ ਨੂੰ ਵੀ ਮੇਨਟੇਨ ਕੀਤਾ ਜਾਵੇਗਾ। ਹੇਂਜ਼ ਵੱਲੋਂ ਮੁੜ ਕੈਨੇਡਾ ਵਿੱਚ ਕੈਚਅੱਪ ਦਾ ਉਤਪਾਦਨ ਸ਼ੁਰੂ ਕਰਨ ਦੇ ਫੈਸਲੇ ਨਾਲ ਤਥਾ ਕਥਿਤ ਤੌਰ ਉੱਤੇ ਕੈਚਅੱਪ ਜੰਗ ਇੱਕ ਵਾਰੀ ਮੁੜ ਸ਼ੁਰੂ ਹੋਣ ਦੀ ਸੰਭਾਵਨਾ ਹੈ।

# ਹੈਲਥ ਤੇ ਸੇਫਟੀ ਸਬੰਧੀ ਨਵੇਂ ਮਾਪਦੰਡਾਂ ਦਾ ਐਲਾਨ ਜਲਦ ਕਰੇਗੀ ਫੋਰਡ ਸਰਕਾਰ



ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਮਾਮਲਿਆਂ ਵਿੱਚ ਜਾਰੀ ਵਾਧੇ ਦੇ ਮੱਦੇਨਜ਼ਰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਹੈਲਥ ਤੇ ਸੇਫਟੀ ਮਾਪਦੰਡਾਂ ਸਬੰਧੀ ਐਲਾਨ ਜਲਦ ਕੀਤਾ ਜਾਵੇਗਾ।

ਬੁੱਧਵਾਰ ਨੂੰ ਡੱਗ ਫੋਰਡ ਨੇ ਆਖਿਆ ਕਿ ਪੀਲ, ਟੋਰਾਂਟੋ ਤੇ ਯੌਰਕ ਰੀਜਨ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਕਾਫੀ ਵਾਧਾ ਵੇਖਣ ਨੂੰ ਮਿਲਿਆ ਹੈ। ਇਨ੍ਹਾਂ ਇਲਾਕਿਆਂ ਵਿੱਚ ਵਾਇਰਸ ਕਾਫੀ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਹਾਲਾਤ ਕਾਫੀ ਗੰਭੀਰ ਹਨ। ਫੋਰਡ ਨੇ ਆਖਿਆ ਕਿ ਪਿਛਲੇ ਹਫਤੇ ਉਨ੍ਹਾਂ ਵੱਲੋਂ ਚੀਫ ਮੈਡੀਕਲ ਆਫੀਸਰ ਨਾਲ ਕੀਤੀ ਗਈ ਗੱਲਬਾਤ ਵਿੱਚ ਸਿਫਾਰਸ਼ਾਂ ਦੀ ਮੰਗ ਕੀਤੀ ਗਈ ਸੀ ਤੇ ਸੈਕਿੰਡ ਵੇਵ ਨੂੰ ਠੱਲ੍ਹ ਪਾਉਣ ਲਈ ਅਜੇ ਹੋਰ ਸਖਤ ਕਦਮ ਚੁੱਕੇ ਜਾਣ ਦੀ ਲੋੜ ਹੈ।

ਫੋਰਡ ਨੇ ਦੱਸਿਆ ਕਿ ਨਵੇਂ ਮਾਪਦੰਡਾਂ, ਖਾਸ ਤੌਰ ਉੱਤੇ ਜੋ ਪੀਲ ਤੇ ਟੋਰਾਂਟੋ ਲਈ ਹੋ ਸਕਦੇ ਹਨ, ਬਾਰੇ ਕੈਬਨਿਟ ਵਿੱਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਤੇ ਇਨ੍ਹਾਂ ਦਾ ਐਲਾਨ ਆਉਣ ਵਾਲੇ ਦਿਨਾਂ ਵਿੱਚ ਕੀਤਾ ਜਾਵੇਗਾ।

# ਕੋਵਿਡ-19 ਕਾਰਨ ਟੋਰਾਂਟੋ ਕੈਥੋਲਿਕ ਸਕੂਲ ਬੋਰਡ ਦੀ ਸਟਾਫ ਮੈਂਬਰ ਦੀ ਹੋਈ ਮੌਤ





ਟੋਰਾਂਟੋ, 19 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਕੈਥੋਲਿਕ ਸਕੂਲ ਬੋਰਡ (ਟੀ ਸੀ ਡੀ ਐਸ ਬੀ) ਚਾਈਲਡ ਐਂਡ ਯੂਥ ਵਰਕਰ ਦੀ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਮੌਤ ਹੋ ਗਈ।

ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕਿਊਪ) ਵੱਲੋਂ ਇੱਕ ਬਿਆਨ ਜਾਰੀ ਕਰਕੇ ਇਸ ਦੀ ਪੁਸ਼ਟੀ ਕੀਤੀ ਗਈ। ਕਿਊਪ ਦੇ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ ਦੀ ਪ੍ਰੈਜ਼ੀਡੈਂਟ ਲੌਰਾ ਵਾਲਟਨ ਨੇ ਆਖਿਆ ਕਿ ਸਾਨੂੰ ਅੱਜ ਸਵੇਰੇ ਹੀ ਇਸ ਗੱਲ ਦਾ ਪਤਾ ਲੱਗਿਆ ਹੈ ਕਿ ਟੋਰਾਂਟੋ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨਾਲ ਕੰਮ ਕਰਨ ਵਾਲੇ ਕਿਊਪ ਦੇ ਇੱਕ ਮੈਂਬਰ ਦੀ ਮੌਤ ਹੋ ਗਈ।

ਉਨ੍ਹਾਂ ਆਖਿਆ ਕਿ ਸਾਡੀ ਯੂਨੀਅਨ ਦੀ ਮੈਂਬਰ ਦੀ ਹੋਈ ਮੌਤ ਉੱਤੇ ਸਾਨੂੰ ਡੂੰਘਾ ਦੁੱਖ ਹੈ ਤੇ ਅਸੀਂ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਦੀ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਹਾਂ।

ਸਕੂਲ ਬੋਰਡ ਨੇ ਦੱਸਿਆ ਕਿ ਇਸ ਸਮੇਂ ਸਕੂਲ ਵਿੱਚ ਕੋਵਿਡ-19 ਦੇ ਦੋ ਐਕਟਿਵ ਕੇਸ ਹਨ, ਜਿਨ੍ਹਾਂ ਵਿੱਚ ਇੱਕ ਸਟਾਫ ਮੈਂਬਰ ਤੇ ਇੱਕ ਵਿਦਿਆਰਥੀ ਸ਼ਾਮਲ ਹੈ।

ਇਸ ਦੌਰਾਨ ਚੀਫ ਆਫ ਕਮਿਊਨਿਕੇਸ਼ਨਜ਼ ਸ਼ਾਜ਼ੀਆ ਲਾਹੌਸ ਤੇ ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਵੀ ਇਸ ਮਹਿਲਾ ਦੀ ਹੋਈ ਮੌਤ ਉੱਤੇ ਦੁੱਖ ਪ੍ਰਗਟਾਇਆ।

# ਪਿੱਕਰਿੰਗ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ

ਦਰਹਾਮ, 19 ਨਵੰਬਰ (ਪੋਸਟ ਬਿਊਰੋ) : ਕੱਲ੍ਹ ਰਾਤ ਪਿੱਕਰਿੰਗ ਵਿੱਚ ਵਾਪਰੇ ਇੱਕ ਗੋਲੀਕਾਂਡ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ।

ਦਰਹਾਮ ਪੁਲਿਸ ਨੇ ਲਿਆਤਰਿਤਸ ਡਰਾਈਵ ਉੱਤੇ ਸਥਿਤ ਇੱਕ ਟਾਊਨਹਾਊਸ ਦੇ ਅੰਦਰ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ 9:30 ਦੇ ਨੇੜੇ ਤੇੜੇ ਮਿਲੀਆਂ ਕਾਲਜ਼ ਤੋਂ ਬਾਅਦ ਮੌਕੇ ਉੱਤੇ ਪਹੁੰਚਣ ਉੱਤੇ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ।

ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਗੋਲੀਕਾਂਡ ਕਿੱਥੇ ਵਾਪਰਿਆ। ਪੈਰਾਮੈਡਿਕਸ ਵੱਲੋਂ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਸ ਸਮੇਂ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ ਤੇ ਨਾ ਹੀ ਕਿਸੇ ਕਿਸਮ ਦੇ ਹੋਰ ਵੇਰਵੇ ਹੀ ਦਿੱਤੇ ਗਏ ਹਨ।




## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844**
**Email : matchjatt2018@gmail.com**

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜ਼ਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)



# ਕੋਵਿਡ-19 ਵੈਕਸੀਨ ਦੀ ਵੰਡ ਲਈ ਕੈਨੇਡੀਅਨ ਮਿਲਟਰੀ ਕਰੇਗੀ ਮਦਦ



ਓਟਵਾ, 19 ਨਵੰਬਰ (ਪੋਸਟ ਬਿਊਰੋ) : ਕੈਨੇਡੀਅਨ ਮਿਲਟਰੀ ਦਾ ਕਹਿਣਾ ਹੈ ਕਿ ਕੋਵਿਡ-19 ਸਬੰਧੀ ਵੈਕਸੀਨ ਦੇਸ਼ ਭਰ ਵਿੱਚ ਵੰਡਣ ਵਿੱਚ ਮਦਦ ਲਈ ਉਹ ਤਿਆਰ ਹੈ।

ਹੁਣ ਜਦੋਂ ਸਮਰੱਥ ਵੈਕਸੀਨ ਤਿਆਰ ਹੋਣ ਦੀਆਂ ਖਬਰਾਂ ਰੋਜ਼ ਸੁਰਖੀਆਂ ਬਟੋਰ ਰਹੀਆਂ ਹਨ ਤਾਂ ਮਿਲਟਰੀ ਟੀਮਾਂ ਵੀ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਨਾਲ ਰਲ ਕੇ ਆਪਣਾ ਯੋਗਦਾਨ ਪਾਉਣ ਲਈ ਪੱਬਾਂ ਭਾਰ ਨਜ਼ਰ ਆ ਰਹੀ ਹੈ। ਇੱਕ ਵਾਰੀ ਹੈਲਥ ਕੈਨੇਡਾ ਵੱਲੋਂ ਇਸ ਵੈਕਸੀਨ ਨੂੰ ਮਨਜ਼ੂਰੀ ਦੇ ਦਿੱਤੇ ਜਾਣ ਤੋਂ ਬਾਅਦ ਕਈ ਮਿਲੀਅਨ ਕੈਨੇਡੀਅਨਾਂ ਤੱਕ ਵੈਕਸੀਨ ਪਹੁੰਚਾਉਣ ਦੀ ਜ਼ਿੰਮੇਵਾਰੀ ਲੈਣ ਲਈ ਮਿਲਟਰੀ ਪੂਰੀ ਤਰ੍ਹਾਂ ਤਿਆਰ ਹੈ।

ਕੱਲ੍ਹ ਹਾਊਸ ਆਫ ਕਾਮਨਜ਼ ਦੀ ਨੈਸ਼ਨਲ ਡਿਫੈਂਸ ਕਮੇਟੀ ਦੀ ਹੋਈ ਮੀਟਿੰਗ ਦੌਰਾਨ ਕੈਨੇਡੀਅਨ ਆਰਮਡ ਫੋਰਸਿਜ਼ ਸਟਰੈਟੇਜਿਕ ਜੁਆਇੰਟ ਡਾਇਰੈਕਟਰ ਆਫ ਸਟਾਫ ਮੇਜਰ ਜਨਰਲ ਟਰੈਵਰ ਕੈਡੀਊ ਨੇ ਆਖਿਆ ਕਿ ਫੌਜ ਇਸ ਕੰਮ ਵਿੱਚ ਆਪਣਾ ਯੋਗਦਾਨ ਜ਼ਰੂਰ ਪਾਵੇਗੀ। ਇਸ ਸਬੰਧ ਵਿੱਚ ਅਸੀਂ ਯੋਜਨਾ ਵੀ ਉਲੀਕ ਲਈ ਹੈ। ਉਨ੍ਹਾਂ ਐਮਪੀਜ਼ ਨੂੰ ਦੱਸਦਿਆਂ ਆਖਿਆ ਕਿ ਅਸੀਂ ਨੈਸ਼ਨਲ ਆਪਰੇਸ਼ਨ ਸੈਂਟਰ ਕਾਇਮ ਕਰਨ ਵਿੱਚ ਵੀ ਮਦਦ ਕਰ ਰਹੇ ਹਾਂ ਜੋ ਕਿ ਵੈਕਸੀਨ ਦੀ ਵੰਡ ਦੇ ਸਾਰੇ ਕੰਮ ਦੀ ਨਜ਼ਰਸਾਨੀ ਕਰੇਗਾ। ਇਸ ਕੰਮ ਲਈ ਚੀਫ ਆਫ ਦ ਡਿਫੈਂਸ ਸਟਾਫ ਜਨਰਲ ਜੌਨਾਥਨ ਵਾਂਸ ਨੇ ਆਪਣੇ ਬਿਹਤਰੀਨ ਪਲੈਨਰਜ਼ ਦੀ ਟੀਮ ਭੇਜੀ ਹੈ।

# ਬੇਕਰੀ ਦੇ ਬਾਹਰ ਵਾਪਰੇ ਗੋਲੀਕਾਂਡ ਦੇ ਸਬੰਧ ਵਿੱਚ 3 ਟੀਨੇਜਰ ਗ੍ਰਿਫਤਾਰ



ਟੋਰਾਂਟੋ, 19 ਨਵੰਬਰ (ਪੋਸਟ ਬਿਊਰੋ) : ਸਤੰਬਰ ਵਿੱਚ ਟੋਰਾਂਟੋ ਵਿੱਚ ਹੋਈ ਸ਼ੂਟਿੰਗ ਦੇ ਸਬੰਧ ਵਿੱਚ ਤਿੰਨ ਟੀਨੇਜਰ ਲੜਕਿਆਂ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸ਼ੂਟਿੰਗ ਚੱਲਦੀ ਗੱਡੀ ਵਿੱਚ ਕੀਤੀ ਗਈ ਸੀ।

ਐਗਲਿੰਟਨ ਤੇ ਐਲਨ ਰੋਡ ਇਲਾਕੇ ਵਿੱਚ ਸਥਿਤ ਬੇਕਰੀ ਦੇ ਬਾਹਰ ਇਹ ਘਟਨਾ ਵਾਪਰੀ ਤੇ ਛੇ ਵਿਅਕਤੀ ਇਸ ਵਿੱਚ ਜ਼ਖ਼ਮੀ ਹੋ ਗਏ। ਪੁਲਿਸ ਨੇ ਦੱਸਿਆ ਕਿ ਸਪੈਂਸ ਬੇਕਰੀ ਦੇ ਸਾਹਮਣਿਓਂ ਲੰਘਦਿਆਂ ਹੋਇਆਂ ਇੱਕ ਗੱਡੀ ਵਿੱਚੋਂ ਕਈ ਗੋਲੀਆਂ ਦਾਗੀਆਂ ਗਈਆਂ। ਜਿਸ ਕਾਰਨ ਪੰਜ ਪੁਰਸ਼ਾਂ ਤੇ ਇੱਕ ਮਹਿਲਾ ਜ਼ਖ਼ਮੀ ਹੋ ਗਏ ਪਰ ਕਿਸੇ ਦੇ ਵੀ ਜ਼ਖ਼ਮ ਜਾਨਲੇਵਾ ਨਹੀ ਸਨ। ਹੁਣ ਤੱਕ ਸਾਰੇ ਸਿਹਤਯਾਬ ਵੀ ਹੋ ਚੁੱਕੇ ਹਨ।

ਇਸ ਘਟਨਾ ਉੱਤੇ ਉਸ ਸਮੇਂ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਮੇਅਰ ਜੌਹਨ ਟੋਰੀ ਨੇ ਆਖਿਆ ਸੀ ਕਿ ਇਹ ਘਟਨਾ ਕਾਫੀ ਖਤਰਨਾਕ ਸੀ। ਮਸ਼ਕੂਕਾਂ ਵਿੱਚੋਂ ਇੱਕ ਲੰਡਨ, ਓਨਟਾਰੀਓ ਦੀ 18 ਸਾਲਾ ਇਲੀਆ ਆਯੋ ਤੇ ਬਾਕੀ ਦੋ ਬਰੈਂਪਟਨ ਤੇ ਟੋਰਾਂਟੋ ਨਾਲ ਸਬੰਧਤ ਦੋ 16 ਸਾਲਾ ਮਸ਼ਕੂਕ ਹਨ। ਇਨ੍ਹਾਂ ਵਿੱਚੋਂ ਹਰੇਕ ਨੂੰ ਕਈ ਵਾਰੀ ਚਾਰਜ ਕੀਤਾ ਜਾ ਚੁੱਕਿਆ ਹੈ। ਇਸ ਮਾਮਲੇ ਦੀ ਜਾਂਚ ਅਜੇ ਵੀ ਚੱਲ ਰਹੀ ਹੈ।

# ਇਤਰਾਜ਼ ਉੱਠਣ ਤੋਂ ਬਾਅਦ ਸ਼ੀਅਰ ਨੇ ਆਪਣੀ ਸਾਲੀ ਨੂੰ ਨੌਕਰੀ ਤੋਂ ਕੱਢਿਆ

ਓਟਵਾ, 19 ਨਵੰਬਰ (ਪੋਸਟ ਬਿਊਰੋ) : ਸਾਬਕਾ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੱਲੋਂ ਆਪਣੀ ਸਾਲੀ ਨੂੰ ਆਪਣੇ ਹਲਕਾ ਆਫਿਸ ਵਿੱਚ ਨੌਕਰੀ ਉੱਤੇ ਰੱਖੇ ਜਾਣ ਦੇ ਸਬੰਧ ਵਿੱਚ ਸਵਾਲ ਉੱਠਣ ਤੋਂ ਬਾਅਦ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ।

ਸਸਕੈਚਵਨ ਤੋਂ ਐਮਪੀ ਐਂਡਰਿਊ ਸ਼ੀਅਰ ਨੇ ਮੰਗਲਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਆਖਿਆ ਕਿ ਉਸ ਦੀ ਸਾਲੀ ਐਰਿਕਾ ਹੋਨੋਵੇਅ ਉਨ੍ਹਾਂ ਦੇ ਰੇਜਾਇਨਾ ਸਥਿਤ ਆਫਿਸ ਵਿੱਚ ਕੌਂਸਟੀਚੁਐਂਸੀ ਅਸਿਸਟੈਂਟ ਵਜੋਂ 2007 ਤੋਂ ਕੰਮ ਕਰ ਰਹੀ ਹੈ। ਸ਼ੀਅਰ ਨੇ ਆਖਿਆ ਕਿ ਉਸ ਨੂੰ ਨੌਕਰੀ ਛੱਡਣ ਲਈ ਆਖ ਦਿੱਤਾ ਗਿਆ ਹੈ। ਸ਼ੀਅਰ ਨੇ ਆਖਿਆ ਕਿ ਇਸ ਮਾਮਲੇ ਵਿੱਚ ਸਿਰਫ ਨਿਯਮਾਂ ਦੀ ਪਾਲਣਾ ਕਰਨਾ ਹੀ ਕਾਫੀ ਨਹੀਂ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਐਰਿਕਾ ਨਾਲ ਮੁਲਾਕਾਤ ਕਰਕੇ ਉਸ ਨੂੰ ਆਫਿਸ ਤੇ ਆਪਣਾ ਅਹੁਦਾ ਛੱਡਣ ਲਈ ਆਖ ਦਿੱਤਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਐਂਡਰਿਊ ਸ਼ੀਅਰ ਵੱਲੋਂ ਆਪਣੇ ਲਈ ਕੰਮ ਕਰਨ ਵਾਸਤੇ ਆਪਣੇ ਹੀ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇਣ ਲਈ ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਕਰਨ ਵਰਗੇ ਸਵਾਲ ਵੀ ਉੱਠ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸਾਬਕਾ ਕੰਜ਼ਰਵੇਟਿਵ ਆਗੂ ਨੇ ਆਪਣੀ ਭੈਣ ਨੂੰ ਉਸ ਸਮੇਂ ਚਾਰ ਸਾਲਾਂ ਦੇ ਅਰਸੇ ਲਈ ਨੌਕਰੀ ਉੱਤੇ ਰੱਖਿਆ ਸੀ ਜਦੋਂ ਉਹ ਹਾਊਸ ਆਫ ਕਾਮਨਜ਼ ਵਿੱਚ ਸਪੀਕਰ ਤੇ ਡਿਪਟੀ ਸਪੀਕਰ ਵਜੋਂ ਸੇਵਾ ਨਿਭਾਅ ਰਹੇ ਸਨ।



ਉਸ ਸਮੇਂ ਆਪਣੇ ਭੈਣ ਭਰਾਵਾਂ ਨੂੰ ਨੌਕਰੀ ਦੇਣਾ ਨਿਯਮਾਂ ਦੇ ਖਿਲਾਫ ਨਹੀਂ ਸੀ। ਨਿਯਮ ਬਦਲਣ ਤੋਂ ਬਾਅਦ ਸ਼ੀਅਰ ਦੀ ਭੈਣ ਕੰਜ਼ਰਵੇਟਿਵ ਸੈਨੇਟਰ ਕੋਲ ਕੰਮ ਕਰਨ ਲਈ ਚਲੀ ਗਈ। ਇਹ ਵਿਵਾਦ ਉਦੋਂ ਛਿੜਿਆ ਜਦੋਂ ਇਹ ਖਬਰਾ ਸਾਹਮਣੇ ਆਈਆਂ ਕਿ ਸ਼ੀਅਰ ਵੱਲੋਂ ਆਪਣੀ ਸਾਲੀ ਨੂੰ ਵੀ ਪਿਛਲੇ 13 ਸਾਲਾਂ ਤੋਂ ਰੇਜਾਈਨਾ ਸਥਿਤ ਕੌਂਸਟੀਚੁਐਂਸੀ ਆਫਿਸ ਵਿੱਚ ਰੱਖਿਆ ਹੋਇਆ ਹੈ। ਇਸ ਦੇ ਬਦਲੇ ਵਿੱਚ ਸ਼ੀਅਰ ਦੀ ਸਾਲੀ ਨੇ ਆਪਣੀ ਭੈਣ ਯਾਨੀ ਕਿ ਸ਼ੀਅਰ ਦੀ ਪਤਨੀ ਨੂੰ ਆਪਣੀ ਇੰਟੀਰੀਅਰ ਡਿਜ਼ਾਈਨ ਕੰਪਨੀ ਵਿੱਚ ਰੱਖਿਆ ਹੋਇਆ ਹੈ। ਭਾਵੇਂ ਸ਼ੀਅਰ ਵੱਲੋਂ ਆਪਣੀ ਸਾਲੀ ਨੂੰ ਵੀ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਪਰ ਉਨ੍ਹਾਂ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਸਾਰੇ ਨਿਯਮਾਂ ਦੀ ਪਾਲਣਾ ਕੀਤੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਮਾਮਲੇ ਵਿੱਚ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਲਿਬਰਲਾਂ ਵੱਲੋਂ ਇਸ ਮਾਮਲੇ ਨੂੰ ਚਿੰਤਾ ਦਾ ਵਿਸ਼ਾ ਦੱਸਦਿਆਂ ਹੋਇਆਂ ਇਸ ਮੁੱਦੇ ਨੂੰ ਬੋਰਡ ਆਫ ਇੰਟਰਨਲ ਇਕੌਨਮੀ ਕੋਲ ਉਠਾਉਣ ਦੀ ਯੋਜਨਾ ਬਣਾਈ ਗਈ ਹੈ।


## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514
8 ਸਾਲਾਂ ਦਾ ਤਜਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ


# ਹੁਣ ਮੌਡਰਨਾ ਨੇ ਕੋਵਿਡ-19 ਸਬੰਧੀ ਤਿਆਰ ਕੀਤੀ ਆਪਣੀ ਵੈਕਸੀਨ ਨੂੰ 94.5 ਫੀ ਸਦੀ ਕਾਰਗਰ ਦੱਸਿਆ

ਵਾਸ਼ਿੰਗਟਨ, 19 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਦੀ ਵੈਕਸੀਨ ਤਿਆਰ ਕਰਨ ਵਾਲੀ ਕਿਸੇ ਦੂਜੀ ਕੰਪਨੀ ਵੱਲੋਂ ਇਸ ਮਹੀਨੇ ਇਹ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਦੀ ਦਵਾਈ ਇਸ ਵਾਇਰਸ ਦਾ ਖਾਤਮਾ ਕਰਨ ਲਈ 94.5 ਫੀਸ ਦੀ ਤੱਕ ਕਾਰਗਰ ਹੋਈ ਹੈ। ਇਸ ਨਾਲ ਆਸ ਦੀ ਇੱਕ ਹੋਰ ਕਿਰਨ ਪੈਦਾ ਹੋਈ ਹੈ।

ਮੌਡਰਨਾ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਅਜੇ ਵੀ ਇਸ ਵੈਕਸੀਨ ਦੇ ਕੀਤੇ ਜਾ ਰਹੇ ਅਧਿਐਨ ਦਰਮਿਆਨ ਇਹ ਖਬਰ ਕਾਫੀ ਰਾਹਤ ਵਾਲੀ ਹੈ ਕਿ ਉਨ੍ਹਾਂ ਵੱਲੋਂ ਤਿਆਰ ਕੀਤੀ ਜਾ ਰਹੀ ਵੈਕਸੀਨ ਕਾਫੀ ਅਸਰਦਾਰ ਹੈ। ਇੱਥੇ ਦੱਸਣਾ ਬਣਦਾ ਹੈ ਕਿ ਇੱਕ ਹਫਤੇ ਪਹਿਲਾਂ ਫਾਈਜ਼ਰ ਇਨਕਾਰਪੋਰੇਸ਼ਨ ਨੇ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਵੈਕਸੀਨ 90 ਫੀ ਸਦੀ ਕਾਰਗਰ ਹੈ। ਇਹ ਵੀ ਮੰਨਿਆਂ ਜਾ ਰਿਹਾ ਹੈ ਕਿ ਦੋਵੇਂ ਕੰਪਨੀਆਂ ਹੁਣ ਕੁੱਝ ਹਫਤਿਆਂ ਵਿੱਚ ਹੀ ਆਪੋ-ਆਪਣੀ ਵੈਕਸੀਨ ਦੀ ਅਮਰੀਕਾ ਵਿੱਚ ਵਰਤੋਂ ਦੀ ਇਜਾਜ਼ਤ ਹਾਸਲ ਕਰ ਲੈਣਗੀਆਂ।



ਮੌਡਰਨਾ ਦੇ ਪ੍ਰੈਜ਼ੀਡੈਂਟ ਡਾ. ਸਟੀਫਨ ਹੋਜ਼ ਨੇ ਆਖਿਆ ਕਿ ਇਹ ਯਕੀਨਨ ਮੀਲ ਦਾ ਪੱਥਰ ਹੈ ਪਰ ਉਨ੍ਹਾਂ ਆਖਿਆ ਕਿ ਦੋ ਵੱਖ ਵੱਖ ਕੰਪਨੀਆਂ ਵੱਲੋਂ ਕੀਤੇ ਜਾ ਰਹੇ ਇਸ ਤਰ੍ਹਾਂ ਦੇ ਦਾਅਵੇ ਹੋਰ ਵੀ ਤਸੱਲੀ ਦੇਣ ਵਾਲੇ ਹਨ। ਉਨ੍ਹਾਂ ਆਖਿਆ ਕਿ ਦੁਨੀਆ ਭਰ ਵਿੱਚ ਫੈਲੀ ਇਸ ਮਹਾਂਮਾਰੀ ਦੇ ਖਾਤਮੇ ਲਈ ਸਿਰਫ ਮੌਡਰਨਾ ਹੀ ਕੁੱਝ ਨਹੀਂ ਕਰ ਸਕੇਗੀ ਸਗੋਂ ਇਸ ਮਹਾਂਮਾਰੀ ਦੇ ਖਾਤਮੇ ਲਈ ਕਈ ਹੋਰ ਕੰਪਨੀਆਂ ਵੱਲੋਂ ਤਿਆਰ ਵੈਕਸੀਨ ਦੀ ਲੋੜ ਹੋਵੇਗੀ।


## MARVES HARDWOOD FLOORING

Services:
Fence - Hardwood Flooring
Stairs - Small Renovation

John
416-787-6551



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



jobs! jobs! jobs! jobs! jobs!

DUNDAS·JAFINE

## HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



CALL TODAY FOR ANY CLASSIFIED OR MATRIMONIAL AD !!!
905-793-2202



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative

Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348



A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work - All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton



Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com

A-1 RENOVATION GTA INC.
22 Listcreek Road, Brampton L6p 2n6



ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



## CELLNTELL DISTRIBUTION INC
## 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs



(905)793-2202
You can Place Your Business Here
To Reach Wider Audience

# ਮਹਾਂਮਾਰੀ ਦੇ ਪਸਾਰ ਨੂੰ ਰੋਕਣ ਲਈ ਟਰੂਡੋ ਪ੍ਰੋਵਿੰਸਾਂ ਵਾਸਤੇ ਹੋਰ ਵਿੱਤੀ ਮਦਦ ਦਾ ਕਰ ਸਕਦੇ ਹਨ ਐਲਾਨ



ਓਟਵਾ, 19 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੋਵਿਡ-19 ਮਹਾਂਮਾਰੀ ਦੇ ਪਸਾਰ ਨੂੰ ਰੋਕਣ ਲਈ ਪ੍ਰੀਮੀਅਰਜ਼ ਨੂੰ ਸਖ਼ਤ ਕਦਮ ਚੁੱਕਣ ਵਾਸਤੇ ਪ੍ਰੇਰਿਤ ਕੀਤਾ ਜਾ ਰਿਹਾ ਹੈ। ਟਰੂਡੋ ਵੱਲੋਂ ਮਹਾਂਮਾਰੀ ਕਾਰਨ ਨੌਕਰੀ ਗੁਆ ਚੁੱਕੇ ਵਰਕਰਜ਼ ਦੀ ਮਦਦ ਲਈ ਤਿਆਰ ਪ੍ਰੋਵਿੰਸਾਂ ਦੀ ਸਹਾਇਤਾ ਲਈ ਹੋਰ ਫੈਡਰਲ ਫੰਡ ਦੇਣ ਦੀ ਪੇਸ਼ਕਸ਼ ਵੀ ਕੀਤੀ ਗਈ ਹੈ।

ਟਰੂਡੋ ਵੱਲੋਂ ਸਕਿੱਲਜ਼ ਟਰੇਨਿੰਗ ਲਈ ਪ੍ਰੋਵਿੰਸਾਂ ਨੂੰ ਸੈਂਕੜੇ ਮਿਲੀਅਨ ਡਾਲਰ ਦੇਣ ਸਬੰਧੀ ਐਲਾਨ ਕਰਨ ਦੀ ਉਮੀਦ ਹੈ। ਫੈਡਰਲ ਸਰਕਾਰ ਵੱਲੋਂ ਪਹਿਲਾਂ ਐਲਾਨੇ ਗਏ 3.5 ਬਿਲੀਅਨ ਡਾਲਰ ਵੱਖਰੇ ਹਨ। ਪਰ ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਟਰੂਡੋ ਕੋਵਿਡ-19 ਵਰਗੀ ਮਹਾਂਮਾਰੀ ਨਾਲ ਸਿੱਝਣ ਲਈ ਪ੍ਰੀਮੀਅਰਜ਼ ਨੂੰ ਹੋਰ ਸਖਤ ਪਾਬੰਦੀਆਂ ਲਾਉਣ ਦੀ ਅਪੀਲ ਵੀ ਕਰਨਗੇ। ਕੱਲ੍ਹ ਸ਼ਾਮ ਇੱਕ ਕਾਨਫਰੰਸ ਕਾਲ ਵਿੱਚ ਟਰੂਡੋ ਨੇ ਸਿੱਧੇ ਤੌਰ ਉੱਤੇ ਪ੍ਰੀਮੀਅਰਜ਼ ਤੱਕ ਇਹ ਸੁਨੇਹਾ ਵੀ ਪਹੁੰਚਾਇਆ।

ਪ੍ਰਧਾਨ ਮੰਤਰੀ ਆਫਿਸ ਵੱਲੋਂ ਜਾਰੀ ਕੀਤੇ ਗਏ ਇਸ ਕਾਲ ਦੇ ਸਾਰ ਅਨੁਸਾਰ ਟਰੂਡੋ ਨੇ ਪ੍ਰੀਮੀਅਰਜ਼ ਨੂੰ ਆਖਿਆ ਹੈ ਕਿ ਉਹ ਕੈਨੇਡੀਅਨਾਂ ਦੀ ਸਿਹਤ ਤੇ ਸੇਫਟੀ ਦੀ ਹਿਫਾਜ਼ਤ ਲਈ ਜਿਹੜੀਆਂ ਲੋੜੀਂਦੀਆਂ ਚੀਜ਼ਾਂ ਹਨ ਉਨ੍ਹਾਂ ਦੀ ਪਛਾਣ ਕਰਨ ਤੇ ਆਪਣੇ ਇਲਾਕੇ ਵਿੱਚ ਵਾਇਰਸ ਨੂੰ ਕਾਬੂ ਪਾਉਣ ਲਈ ਹਰ ਸੰਭਵ ਉਪਰਾਲਾ ਕਰਨ। ਇਸ ਦੇ ਨਾਲ ਹੀ ਟਰੂਡੋ ਵੱਲੋਂ ਇਹ ਯਕੀਨ ਵੀ ਦਿਵ-'ਇਆ ਗਿਆ ਹੈ ਕਿ ਫੈਡਰਲ ਸਰਕਾਰ ਉਨ੍ਹਾਂ ਨੂੰ ਆਰਥਿਕ ਮਦਦ ਦੇਣੀ ਜਾਰੀ ਰੱਖੇਗੀ।

# ਹਾਂਗ ਕਾਂਗ ਦੇ ਨੌਜਵਾਨਾਂ ਨੂੰ ਕੈਨੇਡਾ ਸੱਦਣ ਲਈ ਫੈਡਰਲ ਸਰਕਾਰ ਵੱਲੋਂ ਨਵੇਂ ਇਮੀਗ੍ਰੇਸ਼ਨ ਪ੍ਰੋਗਰਾਮ ਦੀ ਪੇਸ਼ਕਸ਼



ਓਟਵਾ, 19 ਨਵੰਬਰ (ਪੋਸਟ ਬਿਊਰੋ) : ਜਮਹੂਰੀਅਤ ਖਿਲਾਫ ਚੀਨ ਵੱਲੋਂ ਵਿੱਢੀ ਗਈ ਮੁਹਿੰਮ ਦੇ ਸਬੰਧ ਵਿੱਚ ਫੈਡਰਲ ਸਰਕਾਰ ਵੱਲੋਂ ਨਵੇਂ ਇਮੀਗ੍ਰੇਸ਼ਨ ਪ੍ਰੋਗਰਾਮ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਪ੍ਰੋਗਰਾਮ ਤਹਿਤ ਹਾਂਗ ਕਾਂਗ ਤੋਂ ਨੌਜਵਾਨਾਂ ਨੂੰ ਕੈਨੇਡਾ ਸੱਦਣ ਦਾ ਟੀਚਾ ਮਿਥਿਆ ਗਿਆ ਹੈ। ਇਸ ਦੇ ਨਾਲ ਹੀ ਉੱਥੇ ਰਹਿ ਰਹੇ ਕੈਨੇਡੀਅਨਾਂ ਨੂੰ ਘਰ ਸੱਦਣ ਲਈ ਕਾਗਜ਼ੀ ਕਾਰਵਾਈ ਸ਼ੁਰੂ ਕਰਨ ਦਾ ਵੀ ਸੰਕੇਤ ਦਿੱਤਾ ਗਿਆ ਹੈ।

ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਮੰਤਰੀ ਮਾਰਕੋ ਮੈਂਡੀਸਿਨੋ ਵੱਲੋਂ ਇਸ ਸਬੰਧ ਵਿੱਚ ਵੀਰਵਾਰ ਨੂੰ ਐਲਾਨ ਕੀਤਾ ਗਿਆ। ਉਨ੍ਹਾਂ ਆਖਿਆ ਕਿ ਚੀਨ ਵੱਲੋਂ ਨੈਸ਼ਨਲ ਸਕਿਊਰਿਟੀ ਲਾਅ ਨੂੰ ਖਤਮ ਕਰਨ ਦੀ ਠਾਨੀ ਗਈ ਜਿਦ ਦੇ ਮੱਦੇਨਜ਼ਰ ਹੀ ਹਾਂਗ ਕਾਂਗ ਵਿੱਚ ਜਮਹੂਰੀਅਤ ਪੱਖੀ ਮੁਜ਼ਾਹਰੇ ਵੱਡੀ ਪੱਧਰ ਉੱਤੇ ਹੋ ਰਹੇ ਹਨ।

ਇਸ ਲਈ ਉੱਥੋਂ ਦੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਕੈਨੇਡਾ ਵੱਲੋਂ ਪਿੱਛੇ ਜਿਹੇ ਗ੍ਰੈਜੂਏਟ ਹੋਏ ਤੇ ਅਸੈਂਸ਼ੀਅਲ ਵਰਕ ਐਕਸਪੀਰੀਅੰਸ ਵਾਲੇ ਤੇ ਕੈਨੇਡਾ ਆਉਣ ਦੇ ਚਾਹਵਾਨਾਂ ਲਈ ਤਿੰਨ ਸਾਲਾ ਓਪਨ ਵਰਕ ਪਰਮਿਟ ਦੇਣ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਉਹ ਨੌਜਵਾਨ ਤੇ ਵਿਦਿਆਰਥੀ ਆਪਣੇ ਲਈ ਬਿਹਤਰ ਰੋਜ਼ਗਾਰ ਵੀ ਭਾਲ ਸਕਣਗੇ ਤੇ ਆਪਣੀ ਪੜ੍ਹਾਈ ਵੀ ਜਾਰੀ ਰੱਖ ਸਕਣਗੇ। ਇਸ ਪ੍ਰੋਗਰਾਮ ਲਈ ਯੋਗ ਬਿਨੈਕਾਰ ਉਹ ਹੋਣਗੇ ਜਿਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਮਾਨਤਾ ਪ੍ਰਾਪਤ ਪੋਸਟ ਸੈਕੰਡਰੀ ਇੰਸਟੀਚਿਊਸ਼ਨ ਤੋਂ ਗ੍ਰੈਜੂਏਸ਼ਨ ਮੁਕੰਮਲ ਕੀਤੀ ਹੋਵੇ। ਇੱਥੇ ਹੀ ਬੱਸ ਨਹੀਂ ਅਜਿਹੇ ਬਿਨੈਕਾਰਾਂ ਦੇ ਪਤੀ-ਪਤਨੀ ਤੇ ਉਨ੍ਹਾਂ ਦੇ ਬੱਚਿਆਂ ਨੂੰ ਵੀ ਕੈਨੇਡੀਅਨ ਪਰਮਾਨੈਂਟ ਰੈਜ਼ੀਡੈਂਸੀ ਹਾਸਲ ਹੋ ਸਕੇਗੀ।

ਇਸ ਤੋਂ ਇਲਾਵਾ ਪਹਿਲਾਂ ਤੋਂ ਹੀ ਕੈਨੇਡਾ ਰਹਿ ਰਹੇ ਹਾਂਗ-ਕਾਂਗ ਦੇ ਬੈਸਟ ਤੇ ਹੋਣਹਾਰ ਬਸ਼ਿੰਦਿਆਂ ਲਈ ਪਰਮਾਨੈਂਟ ਰੈਜ਼ੀਡੈਂਸੀ ਦੀਆਂ ਦੋ ਨਵੀਆਂ ਸਟ੍ਰੀਮਜ਼ ਵੀ ਸ਼ੁਰੂ ਕੀਤੀਆਂ ਜਾ ਰਹੀਆਂ ਹਨ।ਮੈਂਡੀਸਿਨੋ ਨੇ ਆਖਿਆ ਕਿ ਪਹਿਲੇ ਬਿਨੈਕਾਰ 2021 ਦੀ ਸ਼ੁਰੂਆਤ ਵਿੱਚ ਕੈਨੇਡਾ ਆ ਸਕਣਗੇ।

# ਸ਼ਨਿੱਚਰਵਾਰ ਨੂੰ ਟੋਰਾਂਟੋ ਵੀ ਦਾਖਲ ਹੋਇਆ ਰੈੱਡ ਜ਼ੋਨ 'ਚ




ਟੋਰਾਂਟੋ, 19 ਨਵੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਟੋਰਾਂਟੋ ਵੀ ਰੈੱਡ ਜ਼ੋਨ ਵਿੱਚ ਦਾਖਲ ਹੋ ਗਿਆ, ਹਾਲਾਂਕਿ ਵਾਇਰਸ ਨੂੰ ਰੋਕਣ ਲਈ ਸਿਟੀ ਵੱਲੋਂ ਆਪਣੇ ਵੱਲੋਂ ਕਈ ਸਖ਼ਤ ਪਾਬੰਦੀਆਂ ਪਹਿਲਾਂ ਤੋਂ ਹੀ ਲਾਈਆਂ ਗਈਆਂ ਸਨ।

ਪ੍ਰੀਮੀਅਰ ਡੱਗ ਫੋਰਡ ਵੱਲੋਂ ਅੰਸ਼ਕ ਸ਼ੱਟਡਾਊਨ ਦੀਆਂ ਸ਼ਰਤਾਂ ਨੂੰ ਥੋੜ੍ਹਾ ਮੱਠਾ ਰੱਖਣ ਦਾ ਐਲਾਨ ਕੀਤਾ ਗਿਆ ਸੀ ਪਰ ਜੇ ਇਹ ਸ਼ਰਤਾਂ ਨਰਮ ਨਾ ਵੀ ਪੈਂਦੀਆਂ ਤਾਂ ਵੀ ਟੋਰਾਂਟੋ ਨੂੰ ਸਖ਼ਤ ਨਿਯਮਾਂ ਦੇ ਦਾਇਰੇ ਵਾਲੇ ਜ਼ੋਨ ਵਿੱਚ ਹੀ ਰੱਖਿਆ ਜਾਣਾ ਸੀ। ਪਰ ਪ੍ਰੋਵਿੰਸ ਵੱਲੋਂ ਲਾਗੂ ਕੀਤੇ ਗਏ ਸ਼ੱਟਡਾਊਨ ਨੂੰ ਸਿਟੀ ਵੱਲੋਂ ਵਧਾਉਣ ਦਾ ਫੈਸਲਾ ਕੀਤਾ ਗਿਆ। ਇਸ ਤੋਂ ਭਾਵ ਹੈ ਕਿ ਇੰਡੋਰ ਡਾਈਨਿੰਗ ਦੀ ਅਜੇ ਵੀ ਮਨਾਹੀ ਹੋਵੇਗੀ, ਇਸ ਦੇ ਨਾਲ ਹੀ ਕੈਸੀਨੋਜ਼, ਬਿੰਗੋ ਹਾਲਜ਼ ਤੇ ਈਵੈਂਟ ਸਪੇਸਿਜ਼ ਉੱਤੇ ਵੀ ਪਾਬੰਦੀ ਜਾਰੀ ਰਹੇਗੀ।

ਹੈਮਿਲਟਨ, ਹਾਲਟਨ ਤੇ ਯੌਰਕ ਰੀਜਨਜ਼ ਵੀ ਸੋਮਵਾਰ ਤੋਂ ਰੈੱਡ ਜ਼ੋਨ ਵਿੱਚ ਦਾਖਲ ਹੋ ਜਾਣਗੇ।

# ਗੱਡੀ ਨੂੰ ਪੇਸ਼ ਆਏ ਹਾਦਸੇ ਵਿੱਚ ਦੋ ਹਲਾਕ




ਟੋਰਾਂਟੋ, 19 ਨਵੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਰਾਤ ਨੂੰ ਹਾਈਵੇਅ 427 ਉੱਤੇ ਇੱਕ ਗੱਡੀ ਨੂੰ ਪੇਸ਼ ਆਏ ਹਾਦਸੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ।

ਟੋਰਾਂਟੋ ਫਾਇਰ ਨੂੰ ਇਸ ਗੱਡੀ ਨੂੰ ਪੀਅਰਸਨ ਏਅਰਪੋਰਟ ਨੇੜੇ ਹਾਈਵੇਅ 427 ਉੱਤੇ ਦੱਖਣ ਵਾਲੇ ਪਾਸਿਓਂ ਹਾਈਵੇਅ 409 ਦੇ ਪੂਰਬ ਵੱਲ ਜਾਂਦੇ ਸਮੇਂ ਵਾਪਰੀ ਇਸ ਘਟਨਾ ਦਾ ਪਤਾ ਰਾਤੀਂ 9:30 ਵਜੇ ਲੱਗਿਆ। ਪੀਲ ਪੈਰਾਮੈਡਿਕਸ ਨੇ ਦੱਸਿਆ ਕਿ ਗੱਡੀ ਵਿੱਚ ਸਵਾਰ ਦੋਵਾਂ ਵਿਅਕਤੀਆਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਜਾਂਚ ਲਈ ਇਹ ਥਾਂ ਬੰਦ ਰੱਖੇ ਜਾਣ ਤੋਂ ਬਾਅਦ ਓਪੀਪੀ ਦੀ ਕੋਲੀਜ਼ਨ ਰੀਕੰਸਟ੍ਰਕਸ਼ਨ ਟੀਮ ਨੇ ਐਤਵਾਰ ਸਵੇਰੇ 4:00 ਵਜੇ ਹਾਈਵੇਅ ਦੇ ਇਸ ਹਿੱਸੇ ਨੂੰ ਖੋਲ੍ਹ ਦਿੱਤਾ ਗਿਆ।

# ਬਾਇਡਨ, ਹੈਰਿਸ ਨੂੰ ਕੈਨੇਡਾ ਸੱਦਣ ਲਈ ਐਮਪੀਜ਼ ਸਹਿਮਤ



ਓਟਵਾ, 19 ਨਵੰਬਰ (ਪੋਸਟ ਬਿਊਰੋ) : ਅਮਰੀਕਾ ਵਿੱਚ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਤੇ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡਨ ਤੇ ਵਾਈਸ ਪ੍ਰੈਜ਼ੀਡੈਂਟ ਚੁਣੀ ਗਈ ਕਮਲਾ ਹੈਰਿਸ ਨੂੰ ਕੋਵਿਡ-19 ਮਹਾਂਮਾਰੀ ਦੇ ਦੋਵਾਂ ਮੁਲਕਾਂ ਵਿੱਚ ਥੋੜ੍ਹਾ ਠੰਢਾ ਪੈਣ ਉਪਰੰਤ ਕੈਨੇਡਾ ਸੱਦੇ ਜਾਣ ਲਈ ਸਾਰੀਆਂ ਧਿਰਾਂ ਨਾਲ ਸਬੰਧਤ ਮੈਂਬਰ ਪਾਰਲੀਆਮੈਂਟਸ ਵਿਚਾਲੇ ਸਰਬਸੰਮਤੀ ਨਾਲ ਸਹਿਮਤੀ ਬਣੀ ਹੈ।

ਨਿਊ ਡੈਮੋਕ੍ਰੈਟ ਹਾਊਸ ਲੀਡਰ ਪੀਟਰ ਜੁਲੀਅਨ ਵੱਲੋਂ ਪੇਸ਼ ਐਨਡੀਪੀ ਦੇ ਮਤੇ ਉੱਤੇ ਇਹ ਸਰਬਸੰਮਤੀ ਸੋਮਵਾਰ ਨੂੰ ਬਣੀ। ਐਮਪੀਜ਼ ਇਸ ਗੱਲ ਉੱਤੇ ਰਾਜ਼ੀ ਹੋਏ ਕਿ ਕੈਨੇਡਾ ਤੇ ਅਮਰੀਕਾ ਦਰਮਿਆਨ ਵਿਲੱਖਣ ਸਬੰਧਾਂ ਨੂੰ ਮਾਨਤਾ ਦੇਣ ਲਈ ਜਿੰਨੀ ਜਲਦੀ ਸੰਭਵ ਹੋ ਸਕੇਗਾ ਇਸ ਜੋੜੇ ਨੂੰ ਕੈਨੇਡਾ ਸੱਦਿਆ ਜਾਵੇਗਾ। ਇਸ ਮਤੇ ਵਿੱਚ ਇਹ ਵੀ ਆਖਿਆ ਗਿਆ ਕਿ ਕੈਨੇਡਾ ਦੇ ਦੌਰੇ ਦੌਰਾਨ ਬਾਇਡਨ ਨੂੰ ਪਾਰਲੀਆਮੈਂਟ ਨੂੰ ਸੰਬੋਧਨ ਕਰਨ ਦਾ ਸੱਦਾ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਜੂਨ 2016 ਵਿੱਚ ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਕੈਨੇਡੀਅਨ ਪਾਰਲੀਆਮੈਂਟ ਨੂੰ ਸੰਬੋਧਨ ਕੀਤਾ ਗਿਆ ਸੀ।

ਜੁਲੀਅਨ ਨੇ ਦੱਸਿਆ ਕਿ ਟਰੰਪ ਕਾਲ ਵਿੱਚ ਖੱਟੇ ਹੋਏ ਰਿਸ਼ਤਿਆਂ ਨੂੰ ਸੁਧਾਰਨ ਲਈ ਸ਼ੁੱਕਰਵਾਰ ਨੂੰ ਉਨ੍ਹਾਂ ਦੇ ਕਾਕਸ ਵੱਲੋਂ ਇਸ ਸਬੰਧ ਵਿੱਚ ਮਤਾ ਪੇਸ਼ ਕਰਨ ਦਾ ਫੈਸਲਾ ਲਿਆ ਗਿਆ ਸੀ। ਉਨ੍ਹਾਂ ਆਖਿਆ ਕਿ ਅਸੀ ਚਾਹੁੰਦੇ ਹਾਂ ਕਿ ਬਾਇਡਨ ਤੇ ਹੈਰਿਸ ਨੂੰ ਇਹ ਸੁਨੇਹਾ ਦੇਈਏ ਕਿ ਚਾਰ ਸਾਲਾਂ ਦੇ ਉਤਰਾਅ ਚੜ੍ਹਾਅ ਵਾਲੇ ਸਬੰਧਾਂ ਤੋਂ ਬਾਅਦ ਹੁਣ ਅਸੀ ਅਮਰੀਕਾ ਨਾਲ ਸਬੰਧ ਸੁਧਾਰਨਾਂ ਚਾਹੁੰਦੇ ਹਾਂ। ਅਸੀ ਪਹਿਲਾਂ ਵਾਂਗ ਹੀ ਦੋਵਾਂ ਦੇਸ਼ਾਂ ਦਰਮਿਆਨ ਮਜ਼ਬੂਤ ਸਾਂਝੇਦਾਰੀ ਚਾਹੁੰਦੇ ਹਾਂ।

# ਪੀਲ ਵਿੱਚ ਪਬਲਿਕ ਹੈਲਥ ਨਿਯਮਾਂ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਹੋਵੇਗਾ 5000 ਡਾਲਰ ਜੁਰਮਾਨਾ !




ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਪੀਲ ਰੀਜਨ ਵਿੱਚ ਨਿਯਮਾਂ ਨੂੰ ਅੱਖੋਂ ਪਰੋਖੇ ਕਰਨ ਵਾਲਿਆਂ ਲਈ ਆਉਣ ਵਾਲੇ ਹਫਤਿਆਂ ਵਿੱਚ ਸਖ਼ਤ ਜੁਰਮਾਨੇ ਲਾਏ ਜਾਣਗੇ। ਓਨਟਾਰੀਓ ਵਿੱਚ ਇੱਕ ਦਿਨ ਦੇ ਅੰਦਰ ਕੋਵਿਡ-19 ਦੇ ਨਵੇਂ ਮਾਮਲਿਆਂ ਵਿੱਚ ਹੋਏ ਰਿਕ-'ਰਡ ਵਾਧੇ ਤੋਂ ਬਾਅਦ ਸ਼ਨਿੱਚਰਵਾਰ ਨੂੰ ਰੀਜਨ ਦੇ ਉੱਘੇ ਡਾਕਟਰ ਨੇ ਇਹ ਐਲਾਨ ਕੀਤਾ।

ਪੀਲ ਰੀਜਨ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਲਾਰੈਂਸ ਲੋਹ ਨੇ ਦੱਸਿਆ ਕਿ ਇਨ੍ਹਾਂ ਨਿਯਮਾਂ ਦੀ ਉਲੰਘਣਾਂ ਕਰਨ ਵਾਲੇ ਕਾਰੋਬਾਰਾਂ ਨੂੰ 5000 ਡਾਲਰ ਤੱਕ ਦਾ ਜੁਰਮਾਨਾ ਹੋ ਸਕੇਗਾ। ਕੰਮ ਵਾਲੀਆਂ ਥਾਂਵਾਂ ਉੱਤੇ ਹੋ ਰਹੀਆਂ ਆਊਟਬ੍ਰੇਕਸ ਅਚਾਨਕ ਵੱਧ ਜਾਣ ਕਾਰਨ ਇਨ੍ਹਾਂ ਮਾਮਲਿਆਂ ਦੀ ਗਿਣਤੀ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਪਿਛਲੇ 24 ਘੰਟਿਆਂ ਵਿੱਚ ਪ੍ਰੋਵਿੰਸ ਭਰ ਵਿੱਚ ਕੋਵਿਡ-19 ਦੇ ਦਰਜ ਕੀਤੇ ਗਏ 1581 ਮਾਮਲਿਆਂ ਵਿੱਚੋਂ 497 ਨਵੇਂ ਮਾਮਲੇ ਇੱਕਲੇ ਪੀਲ ਵਿੱਚ ਹੀ ਪਾਏ ਗਏ ਹਨ। ਇਸ ਤੋਂ ਬਾਅਦ ਹੀ ਲੋਹ ਵੱਲੋਂ ਜੁਰਮਾਨੇ ਲਾਉਣ ਵਾਲਾ ਨਵਾਂ ਪਬਲਿਕ ਹੈਲਥ ਸਿਸਟਮ ਲਿਆਉਣ ਦਾ ਫੈਸਲਾ ਕੀਤਾ ਗਿਆ ਹੈ। ਸ਼ਨਿੱਚਰਵਾਰ ਨੂੰ ਪੀਲ ਰੀਜਨ ਨੇ ਆਖਿਆ ਕਿ ਪਹਿਲੀ ਸਤੰਬਰ ਤੋਂ 13 ਨਵੰਬਰ ਤੱਕ ਕੰਮ ਵਾਲੀਆਂ ਥਾਂਵਾਂ ਉੱਤੇ 116 ਆਊਟਬ੍ਰੇਕਸ ਰਿਕਾਰਡ ਕੀਤੀਆਂ ਗਈਆਂ। ਰੀਜਨ ਨੇ ਆਖਿਆ ਕਿ ਉਨ੍ਹਾਂ ਵੱਲੋਂ ਕੰਮ ਵਾਲੀਆਂ ਥਾਂਵਾਂ ਉੱਤੇ ਕੋਵਿਡ-19 ਦੇ 1500 ਮਾਮਲਿਆਂ ਦੀ ਜਾਂਚ ਕੀਤੀ ਜਾ ਚੁੱਕੀ ਹੈ। ਉਤਪਾਦਨ, ਫੂਡ ਪ੍ਰੋਸੈਸਿੰਗ, ਡਿਸਟ੍ਰੀਬਿਊਸ਼ਨ ਤੇ ਟਰਾਂਸਪੋਰਟੇਸ਼ਨ ਸੈਕਟਰਾਂ ਵਿੱਚ 60 ਫੀ ਸਦੀ ਤੱਕ ਆਊਟਬ੍ਰੇਕਸ ਹੋਈਆਂ ਹਨ।

ਲੋਹ ਨੇ ਇੰਪਲੌਇਰਜ਼ ਨੂੰ ਵੀ ਅਪੀਲ ਕੀਤੀ ਹੈ ਕਿ ਜੇ ਉਨ੍ਹਾਂ ਦੇ ਵਰਕਰਾਂ ਵਿੱਚ ਕੋਵਿਡ-19 ਦੇ ਲੱਛਣ ਪਾਏ ਜਾਂਦੇ ਹਨ ਜਾਂ ਉਹ ਕੋਵਿਡ-19 ਪਾਜ਼ੀਟਿਵ ਆਉਂਦੇ ਹਨ ਤਾਂ ਉਹ ਆਪਣੇ ਵਰਕਰਾਂ ਨੂੰ ਬਿਮਾਰੀ ਦੀ ਛੁੱਟੀ ਤਨਖਾਹ ਸਮੇਤ ਦਿਆ ਕਰਨ ਤਾਂ ਕਿ ਵਾਇਰਸ ਉਨ੍ਹਾਂ ਦੇ ਮੁਲਾਜ਼ਮਾਂ ਰਾਹੀਂ ਅੱਗੇ ਨਾ ਫੈਲੇ। ਇੱਥੇ ਦੱਸਣਾ ਬਣਦਾ ਹੈ ਕਿ ਸੋਮਵਾਰ ਤੋਂ ਹੈਮਿਲਟਨ, ਹਾਲਟਨ ਤੇ ਯੌਰਕ ਰੀਜਨ ਵੀ ਰੈੱਡ ਜ਼ੋਨ ਵਿੱਚ ਜਾਣਗੇ।

# 100 ਲੋਕਾਂ ਨਾਲ ਹਾਊਸ ਪਾਰਟੀ ਕਰਨ ਵਾਲੇ ਤਿੰਨ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

## ਟੋਰਾਂਟੋ ਦੀ ਇੱਕ ਸਟੋਰੇਜ ਯੂਨਿਟ ਵਿੱਚ ਪਾਰਟੀ ਕਰ ਰਹੇ ਲੋਕਾਂ ਉੱਤੇ ਵੀ ਪੁਲਿਸ ਨੇ ਕੀਤੀ ਕਾਰਵਾਈ



ਲੰਡਨ, 19 ਨਵੰਬਰ (ਪੋਸਟ ਬਿਊਰੋ) : ਲੰਡਨ, ਓਨਟਾਰੀਓ ਵਿੱਚ ਵੀਕੈਂਡ ਉੱਤੇ ਇੱਕ ਘਰ ਵਿੱਚ ਪਾਰਟੀ ਕਰਨ ਦੇ ਸਬੰਧ ਵਿੱਚ ਤਿੰਨ ਟੀਨੇਜਰਜ਼ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੁਲਿਸ ਨੇ ਦੱਸਿਆ ਕਿ ਸੂਹ ਮਿਲਣ ਤੋਂ ਬਾਅਦ ਸ਼ੁੱਕਰਵਾਰ ਰਾਤ ਨੂੰ ਜਦੋਂ ਉਹ ਇੱਕ ਘਰ ਪਹੁੰਚੇ ਤਾਂ ਉੱਥੇ 100 ਦੇ ਨੇੜੇ ਤੇੜੇ ਲੋਕ ਪਾਰਟੀ ਕਰ ਰਹੇ ਸਨ, ਜਿਨ੍ਹਾਂ ਵਿੱਚੋਂ ਕੁੱਝ ਕੁ ਨੇ ਹੀ ਮਾਸਕ ਪਾਏ ਹੋਏ ਸਨ। ਜਾਂਚਕਾਰਾਂ ਨੇ ਦੱਸਿਆ ਕਿ ਇਸ ਸਬੰਧ ਵਿੱਚ 10 ਲੋਕਾਂ ਤੋਂ ਵੱਧ ਦਾ ਇੱਕਠ ਕਰਕੇ ਇੰਡੋਰ ਪਾਰਟੀ ਦੀ ਮੇਜ਼ਬਾਨੀ ਕਰਨ ਤੇ ਪਾਰਟੀ ਵਿੱਚ ਹਿੱਸਾ ਲੈਣ ਦੇ ਮਾਮਲੇ ਵਿੱਚ ਰੀਓਪਨਿੰਗ ਓਨਟਾਰੀਓ ਐਕਟ ਤਹਿਤ ਇੱਕ 18 ਸਾਲਾ ਤੇ ਦੋ 19 ਸਾਲਾ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ। ਇਨ੍ਹਾਂ ਤਿੰਨਾਂ ਨੂੰ 8 ਫਰਵਰੀ ਨੂੰ ਲੰਡਨ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਇਸ ਦੌਰਾਨ ਟੋਰਾਂਟੋ ਵਿੱਚ ਹੀ ਇੱਕ ਸਟੋਰੇਜ ਯੂਨਿਟ ਵਿੱਚ ਪਾਰਟੀ ਕਰ ਰਹੇ ਲੋਕਾਂ ਉੱਤੇ ਵੀ ਪੁਲਿਸ ਵੱਲੋਂ ਕਾਰਵਾਈ ਕੀਤੀ ਗਈ। ਲੀਡ ਐਨਫੋਰਸਮੈਂਟ ਆਫੀਸਰ ਚੀਫ ਮੈਥਿਊ ਪੈਂਗ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਕਈ ਥਾਂਵਾਂ ਉੱਤੇ ਕੀਤੇ ਗਏ ਇੱਕਠਾਂ ਖਿਲਾਫ ਕਾਰਵਾਈ ਕੀਤੀ ਗਈ। ਇਨ੍ਹਾਂ ਵਿੱਚ ਕਿਪਲਿੰਗ ਤੇ ਬਲੂਰ ਏਰੀਆ ਵਿੱਚ ਇੱਕ ਕਮਰਸ਼ੀਅਲ ਸਟੋਰੇਜ ਵਿੱਚ ਕੀਤੀ ਜਾ ਰਹੀ ਵੱਡੀ ਬਰਥਡੇ ਪਾਰਟੀ ਦੌਰਾਨ ਕੀਤੇ ਇੱਕਠ ਉੱਤੇ ਵੀ ਕਾਰਵਾਈ ਕੀਤੀ ਗਈ।

ਪੈਂਗ ਨੇ ਦੱਸਿਆ ਕਿ ਮੌਕੇ ਉੱਤੇ ਪਹੁੰਚੀ ਟੋਰਾਂਟੋ ਪੁਲਿਸ ਨੂੰ ਉਸ ਥਾਂ ਉੱਤੇ 100 ਤੋਂ ਵੱਧ ਲੋਕ ਪਾਰਟੀ ਕਰਦੇ ਮਿਲੇ। ਕੋਵਿਡ-19 ਰੈਗੂਲੇਸ਼ਨਜ਼ ਐਂਡ ਆਰਡਰਜ਼ ਦੀ ਉਲੰਘਣਾਂ ਤਹਿਤ ਨਾ ਸਿਰਫ ਇਸ ਪਾਰਟੀ ਨੂੰ ਖਤਮ ਕਰਵਾਇਆ ਗਿਆ ਸਗੋਂ ਰੀਓਪਨਿੰਗ ਓਨਟਾਰੀਓ ਐਕਟ ਤਹਿਤ ਪ੍ਰਬੰਧਕਾਂ ਉੱਤੇ ਚਾਰਜ ਵੀ ਦਰਜ ਕੀਤੇ ਗਏ। ਪੈਂਗ ਨੇ ਦੱਸਿਆ ਕਿ ਇਸ ਸਟੋਰੇਜ ਯੂਨਿਟ ਨੂੰ ਪਾਰਟੀ ਲਈ ਹੀ ਕਿਰਾਏ ਉੱਤੇ ਦਿੱਤਾ ਗਿਆ ਸੀ ਜਦਕਿ ਇੱਥੇ ਪਾਰਟੀ ਲਈ ਲੋੜੀਂਦਾ ਸਾਜ਼ੋ ਸਮਾਨ ਵੀ ਨਹੀਂ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਜਾਰੀ ਹੈ।

ਸਿਟੀ ਐਨਫੋਰਸਮੈਂਟ ਟੀਮਾਂ ਵੱਲੋਂ ਟੋਰਾਂਟੋ ਦੇ ਬੀਚਾਂ ਉੱਤੇ ਹੋਏ ਇੱਕਠਾਂ ਲਈ 31 ਟਿਕਟਾਂ ਵੀ ਜਾਰੀ ਕੀਤੀਆਂ ਗਈਆਂ। ਇਨ੍ਹਾਂ ਵਿੱਚ ਵੀਕੈਂਡ ਉੱਤੇ ਗੈਰਕਾਨੂੰਨੀ ਢੰਗ ਨਾਲ ਕੀਤੀਆਂ ਗਈਆਂ ਬੌਨਫਾਇਰਜ਼ ਵੀ ਸ਼ਾਮਲ ਸਨ। ਇਸ ਦੌਰਾਨ ਇੰਡੋਰ ਡਾਈਨਿੰਗ ਦੀ ਮੇਜ਼ਬਾਨੀ ਕਰਨ ਲਈ ਪੰਜ ਰੈਸਟੋਰੈਂਟਸ ਨੂੰ ਵੀ ਚਾਰਜ ਕੀਤਾ ਗਿਆ।

# ਬਰੈਂਪਟਨ ਤੇ ਮਿਸੀਸਾਗਾ ਦੇ ਗੁਰਦੁਆਰਿਆਂ ਵਿੱਚ ਦੀਵਾਲੀ ਮੌਕੇ ਇੱਕਠੀ ਹੋਈ 700 ਲੋਕਾਂ ਦੀ ਭੀੜ

## ਮਾਂਟਰੀਅਲ ਦੇ ਗੁਰਦੁਆਰੇ ਵਿੱਚ ਨਿਯਮਾਂ ਦੀ ਕੀਤੀ ਗਈ ਉਲੰਘਣਾਂ, ਰਿਪੋਰਟ ਦਰਜ



ਮਿਸੀਸਾਗਾ, 19 ਨਵੰਬਰ (ਪੋਸਟ ਬਿਊਰੋ) : ਪੀਲ ਰੀਜਨ ਵਿੱਚ ਕੋਵਿਡ-19 ਦੇ ਪਸਾਰ ਦੀਆਂ ਚਿੰਤਾਵਾਂ ਵਿੱਚ ਬਰੈਂਪਟਨ ਤੇ ਮਿਸੀਸਾਗਾ ਦੇ ਗੁਰਦੁਆ-ਰਿਆਂ ਵਿੱਚ ਸ਼ਨਿੱਚਰਵਾਰ ਰਾਤ ਨੂੰ ਪੁਲਿਸ ਵੱਲੋਂ ਸਖ਼ਤ ਕਾਰਵਾਈ ਕੀਤੀ ਗਈ।

ਦੀਵਾਲੀ ਨੂੰ ਸੁਰੱਖਿਅਤ ਢੰਗ ਨਾਲ ਮਨਾਉਣ ਲਈ ਮਿਉਂਸਪਲ ਅਧਿਕਾਰੀਆਂ ਤੇ ਕਮਿਊਨਿਟੀ ਮੈਂਬਰਾਂ ਦਰਮਿਆਨ ਹੋਈ ਗੱਲਬਾਤ ਦੇ ਬਾਵਜੂਦ ਦੋਵਾਂ ਥਾਂਵਾਂ ਉੱਤੇ 700 ਲੋਕਾਂ ਦੀ ਭੀੜ ਜਮ੍ਹਾਂ ਹੋਈ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਗੁਰਦੁਆਰਿਆਂ ਦੇ ਅੰਦਰ ਲੋਕਾਂ ਦਾ ਇੱਕਠ ਬਿਲਕੁਲ ਸਹੀ ਸੀ ਪਰ ਦੋਵਾਂ ਗੁਰਦੁਆਰਿਆਂ ਦੇ ਪਾਰਕਿੰਗ ਲੌਟ ਜਲਦੀ ਹੀ ਲੋਕਾਂ ਨਾਲ ਭਰ ਗਏ। ਉੱਧਰ ਗੁਰਦੁਆਰਿਆਂ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਤੇ ਨਾ ਹੀ ਲੋਕਾਂ ਦੇ ਇੱਕਠ ਨੂੰ ਕੰਟਰੋਲ ਕਰਨ ਦੀ ਹੀ ਕੋਸ਼ਿਸ਼ ਕੀਤੀ ਗਈ।ਸਿਟੀ ਆਫ ਬਰੈਂਪਟਨ ਵੱਲੋਂ ਇੱਕ ਗੁਰਦੁਆਰੇ ਨੂੰ ਜੁਰਮਾਨਾ ਵੀ ਲਾਇਆ ਗਿਆ ਹੈ। ਪੀਲ ਰੀਜਨ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਰਿਕਾਰਡ ਵਾਧਾ ਹੋਇਆ ਹੈ।

ਇਸ ਦੌਰਾਨ ਸਿਹਤ ਸਬੰਧੀ ਨਿਯਮਾਂ ਦੀਆਂ ਧੱਜੀਆਂ ਉਡਾਉਂਦਿਆਂ ਹੋਇਆਂ ਦੀਵਾਲੀ ਦੇ ਜਸ਼ਨ ਮਨਾ ਰਹੇ ਲੋਕਾਂ ਦੇ ਵੱਡੇ ਇੱਕਠ ਉੱਤੇ ਮਾਂਟਰੀਅਲ ਪੁਲਿਸ ਵੱਲੋਂ ਸਖ਼ਤ ਕਾਰਵਾਈ ਕੀਤੀ ਗਈ। ਇਹ ਘਟਨਾ ਸ਼ਨਿੱਚਰਵਾਰ ਸ਼ਾਮ ਨੂੰ ਲਾਸਾਲੇ ਵਿੱਚ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿੱਚ ਵਾਪਰੀ। ਮਾਂਟਰੀਅਲ ਪੁਲਿਸ ਦੇ ਦੋ ਅਧਿਕਾਰੀ ਸ਼ਾਮੀ 7:00 ਵਜੇ ਗੁਰਦੁਆਰੇ ਪਹੁੰਚੇ। ਹਾਲਂਕਿ ਗੁਰਦੁਆਰੇ ਦੇ ਪ੍ਰਧਾਨ ਹਰਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਗੁਰਦੁਆਰੇ ਵਿੱਚ ਸਿਰਫ 25 ਲੋਕ ਹੀ ਮੌਜੂਦ ਸਨ ਤੇ ਬਾਕੀ ਲੋਕ ਗੁਰਦੁਆਰੇ ਦੇ ਬਾਹਰ ਇੱਕਠੇ ਹੋ ਰਹੇ ਸਨ।

ਮਾਂਟਰੀਅਲ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਾਮੀ 5:10 ਉੱਤੇ ਫੋਨ ਆਇਆ ਤੇ ਗੁਰਦੁਆਰੇ ਦੇ ਬਾਹਰ ਵੱਡਾ ਇੱਕਠ ਹੋਣ ਦੀ ਇਤਲਾਹ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਪੁਲਿਸ ਨੂੰ ਘੱਟੋ ਘੱਟ 50 ਲੋਕ ਗੁਰਦੁਆਰੇ ਦੇ ਅੰਦਰ ਮਿਲੇ ਪਰ ਉਹ ਗੁਰਦੁਆਰੇ ਦੇ ਅੰਦਰ ਤੇ ਬਾਹਰ ਮੌਜੂਦ ਲੋਕਾਂ ਦੀ ਸਹੀ ਗਿਣਤੀ ਦੱਸਣ ਤੋਂ ਅਸਮਰੱਥ ਰਹੇ। ਇਸ ਦੌਰਾਨ ਬਾਜਵਾ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਕਿਸਮ ਦਾ ਜੁਰਮਾਨਾ ਨਹੀਂ ਕੀਤਾ ਗਿਆ ਹੈ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਦਿਨ ਵੇਲੇ ਪੁਲਿਸ ਆਈ ਜ਼ਰੂਰ ਸੀ ਪਰ ਹਾਲਾਤ ਦਾ ਜਾਇਜ਼ਾ ਲੈਣ ਤੋਂ ਬਾਅਦ ਚਲੀ ਗਈ। ਉਨ੍ਹਾਂ ਇਹ ਵੀ ਆਖਿਆ ਕਿ ਕਿਸੇ ਵੀ ਤਰ੍ਹਾਂ ਦੀ ਨਿਯਮਾਂ ਦੀ ਉਲੰਘਣਾਂ ਦਾ ਕੋਈ ਜ਼ਿਕਰ ਤੱਕ ਨਹੀਂ ਕੀਤਾ ਗਿਆ। ਦੂਜੇ ਪਾਸੇ ਮਾਂਟਰੀਅਲ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਭਾਵੇਂ ਕਿਸੇ ਤਰ੍ਹਾਂ ਦਾ ਜੁਰਮਾਨਾ ਨਹੀਂ ਲਾਇਆ ਗਿਆ ਹੈ ਪਰ ਨਿਯਮਾਂ ਦੀ ਉਲੰਘਣਾਂ ਸਬੰਧੀ ਜਨਰਲ ਰਿਪੋਰਟ ਦਰਜ ਕਰ ਲਈ ਗਈ ਸੀ। ਜਿਸ ਨੂੰ ਉੱਚ ਅਧਿਕਾਰੀਆਂ ਨੂੰ ਸੌਂਪ ਦਿੱਤਾ ਜਾਵੇਗਾ ਤੇ ਉਸ ਤੋਂ ਬਾਅਦ ਹੀ ਉਨ੍ਹਾਂ ਵੱਲੋਂ ਜੁਰਮਾਨਾ ਜਾਰੀ ਕੀਤਾ ਜਾਵੇਗਾ।

ਗੁਰਦੁਆਰੇ ਦੇ ਸਾਬਕਾ ਪ੍ਰਧਾਨ ਸੁਜੀਤ ਸਿੰਘ ਨੇ ਦੱਸਿਆ ਕਿ ਪ੍ਰੈਜ਼ੀਡੈਂਟ ਵੱਲੋਂ ਗੁਰਦੁਆਰੇ ਅੰਦਰ ਦੂਰੀ ਬਣਾ ਕੇ ਰੱਖਣ ਵਾਲੇ ਨਿਯਮਾਂ ਨੂੰ ਲਾਗੂ ਕਰਨ ਦੇ ਦਿੱਤੇ ਜਾਣ ਵਾਲੇ ਹੁਕਮਾਂ ਨੂੰ ਨੌਜਵਾਨਾਂ ਵੱਲੋਂ ਨਹੀਂ ਮੰਨਿਆਂ ਜਾਂਦਾ। ਜ਼ਿਕਰਯੋਗ ਹੈ ਕਿ ਕਿਊਬਿਕ ਪਬਲਿਕ ਹੈਲਥ ਵੱਲੋਂ ਧਾਰਮਿਕ ਮੰਤਵ ਲਈ ਧਾਰਮਿਕ ਸਥਾਨਾਂ ਉੱਤੇ ਸਿਰਫ 25 ਲੋਕਾਂ ਨੂੰ ਹੀ ਦਾਖਲ ਹੋਣ ਦੀ ਖੁੱਲ੍ਹ ਦਿੱਤੀ ਗਈ ਹੈ।

# ਦੀਵਾਲੀ ਜਸ਼ਨਾਂ ਮੌਕੇ ਨਿਯਮਾਂ ਦੀ ਹੋਈ ਉਲੰਘਣਾ ਬਾਰੇ ਓਨਟਾਰੀਓ ਸਿੱਖ ਗੁਰਦੁਆਰਾ ਕਾਊਂਸਲ ਨੇ ਪ੍ਰਗਟਾਈ ਚਿੰਤਾ

ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਦੀਵਾਲੀ ਵੀਕੈਂਡ ਉੱਤੇ ਗੁਰਦੁਆਰਿਆਂ ਵਿੱਚ ਸਿੱਖ ਸ਼ਰਧਾਲੂਆਂ ਦੀ ਭੀੜ ਜੁਟਣ ਸਬੰਧੀ ਮੀਡੀਆ ਵਿੱਚ ਆਈਆਂ ਰਿਪੋਰਟਾਂ ਨੂੰ ਲੈ ਕੇ ਓਨਟਾਰੀਓ ਸਿੱਖ ਗੁਰਦੁਆਰਾ ਕਾਊਂਸਲ (ਓ ਐਸ ਜੀ ਸੀ) ਕਾਫੀ ਚਿੰਤਤ ਹੈ।

ਓ ਐਸ ਜੀ ਸੀ ਇਸ ਲਈ ਚਿੰਤਤ ਹੈ ਕਿਉਂਕਿ ਦੀਵਾਲੀ ਮੌਕੇ ਪੀਲ ਆਫੀਸਰ ਆਫ ਹੈਲਥ ਤੇ ਸਿਆਸੀ ਲੀਡਰਸ਼ਿਪ ਵੱਲੋਂ ਜਿਹੜੇ ਨਿਰਦੇਸ਼ ਦਿੱਤੇ ਗਏ ਸਨ ਉਨ੍ਹਾਂ ਦਾ ਸਹੀ ਢੰਗ ਨਾਲ ਪਾਲਣ ਨਹੀਂ ਹੋਇਆ। ਇਨ੍ਹਾਂ ਜਸ਼ਨਾਂ ਨੂੰ ਵੱਧ ਤੋਂ ਵੱਧ ਵਰਚੂਅਲ ਰੱਖਣ ਦਾ ਫੈਸਲਾ ਸ਼ੁੱਕਰਵਾਰ ਨੂੰ ਹੋਈ ਮੀਟਿੰਗ ਵਿੱਚ ਹੀ ਲੈ ਲਿਆ ਗਿਆ ਸੀ। ਇੱਥੇ ਹੀ ਬੱਸ ਨਹੀਂ ਸਗੋਂ ਇਨ੍ਹਾਂ ਜਸ਼ਨਾਂ ਨੂੰ ਵਰਚੂਅਲ ਰੱਖਣ ਲਈ ਕੋਈ ਖਾਸ ਕੋਸ਼ਿਸ਼ਾਂ ਵੀ ਨਹੀਂ ਕੀਤੀਆਂ ਗਈਆਂ।

ਓ ਐਸ ਜੀ ਸੀ ਨੇ ਆਖਿਆ ਕਿ ਅਸੀਂ ਇਸ ਲਈ ਚਿੰਤਤ ਹਾਂ ਕਿ ਸਰਕਾਰ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਨੂੰ ਮੰਨਣ ਵਿੱਚ ਅਸਫਲ ਰਹਿਣ ਵਾਲੇ ਅਧਿਕਾਰੀਆਂ ਕਾਰਨ ਸਮੁੱਚੀ ਸਿੱਖ ਕਮਿਊਨਿਟੀ ਦੀ ਬਦਨਾਮੀ ਹੋ ਰਹੀ ਹੈ। ਓ ਐਸ ਜੀ ਸੀ ਨੇ ਅੱਗੇ ਆਖਿਆ ਕਿ ਅਸੀਂ ਮਹਾਂਮਾਰੀ ਦੇ ਇਸ ਦੌਰ ਵਿੱਚ ਸਿਟੀਜ਼ ਵੱਲੋਂ ਲਾਈਆਂ ਜਾ ਰਹੀਆਂ ਪਾਬੰਦੀਆਂ ਦੀ ਅਹਿਮੀਅਤ ਸਮਝਦੇ ਹਾਂ ਤੇ ਖਾਸ ਤੌਰ ਉੱਤੇ ਤਿਉਹਾਰਾਂ ਦੇ ਦਿਨਾਂ ਵਿੱਚ ਧਾਰਮਿਕ ਥਾਂਵਾਂ ਲਈ ਜਾਰੀ ਉਚੇਚੇ ਨਿਰਦੇਸ਼ਾਂ ਦੀ ਅਹਿਮੀਅਤ ਵੀ ਸਮਝਦੇ ਹਾਂ। ਸਾਨੂੰ ਕਿਸੇ ਵੀ ਹਾਲ ਅਜਿਹੇ ਮਹਾਮਾਰੀ ਵਾਲੇ ਮਾਹੌਲ ਵਿੱਚ ਨਾਗਰਿਕਾਂ ਦੀ ਹੈਲਥ ਤੇ ਸੇਫਟੀ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ।

ਓ ਐਸ ਜੀ ਸੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਆਪਣੇ ਮੈਂਬਰ ਗੁਰਦੁਆਰਿਆਂ ਨੂੰ ਇਸ ਸਬੰਧ ਵਿੱਚ ਪਹਿਲਾਂ ਹੀ ਐਡਵਾਈਜ਼ਰੀ ਜਾਰੀ ਕਰ ਦਿੱਤੀ ਗਈ ਸੀ ਤੇ ਇਸ ਸਬੰਧ ਵਿੱਚ ਪ੍ਰੈੱਸ ਰਲੀਜ਼ ਵੀ ਜਾਰੀ ਕੀਤੀ ਗਈ ਸੀ ਕਿ ਗੁਰਦੁਆਰਿਆਂ ਵਿੱਚ ਦੀਵਾਲੀ ਦੇ ਜਸ਼ਨਾਂ ਨੂੰ ਵਰਚੂਅਲ ਰੱਖਿਆ ਜਾਵੇ ਤੇ ਰੈੱਡ ਜ਼ੋਨ ਵਿੱਚ ਆਉਣ ਵਾਲੇ ਗੁਰਦੁਆਰਿਆਂ ਉੱਤੇ ਤਾਂ ਖਾਸ ਤੌਰ ਉੱਤੇ ਵਿਅਕਤੀਗਤ ਸੇਵਾ ਦੀ ਖੁੱਲ੍ਹ ਨਾ ਦਿੱਤੀ ਜਾਵੇ ਤੇ ਗੁਰਦੁਆਰੇ ਬੰਦ ਰੱਖੇ ਜਾਣ।

ਓ ਐਸ ਜੀ ਸੀ ਨੇ ਇਹ ਵੀ ਸਪਸ਼ਟ ਕੀਤਾ ਕਿ ਇਸ ਸਬੰਧ ਵਿੱਚ ਸ਼ੁੱਕਰਵਾਰ ਨੂੰ ਸਰਕਾਰੀ ਅਧਿਕਾਰੀਆਂ ਤੇ ਵੱਖ ਵੱਖ ਗੁਰਦ-'ਆਰਿਆਂ ਦੇ ਅਹੁਦੇਦਾਰਾਂ ਦਰਮਿਆਨ ਹੋਈ ਮੀਟਿੰਗ ਵਿੱਚ ਓ ਐਸ ਜੀ ਸੀ ਵੱਲੋਂ ਹੀ ਇਹ ਮਤਾ ਲਿਆਂਦਾ ਗਿਆ ਸੀ ਕਿ ਗੁਰਦੁਆ-ਰਿਆਂ ਨੂੰ ਵਿਅਕਤੀਗਤ ਸੇਵਾਵਾਂ ਲਈ ਬੰਦ ਰੱਖਿਆ ਜਾਵੇ। ਅਸੀਂ ਹਮੇਸ਼ਾਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਮਹਾਂਮਾਰੀ ਦੌਰਾਨ ਸਰਕਾਰ ਵੱਲੋਂ ਜਾਰੀ ਕੀਤੇ ਜਾਣ ਵਾਲੇ ਸਾਰੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਤੇ ਅਸੀਂ ਅੱਗੇ ਤੋਂ ਵੀ ਅਜਿਹਾ ਕਰਨਾ ਜਾਰੀ ਰੱਖਾਂਗੇ।

# ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਜ਼ਖ਼ਮੀ

ਟੋਰਾਂਟੋ, 19 ਨਵੰਬਰ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਲਾਰੈਂਸ ਈਸਟ ਸਬਵੇਅ ਸਟੇਸ਼ਨ ਨੇੜੇ ਛੁਰੇਬਾਜ਼ੀ ਦੀ ਇੱਕ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਇਹ ਘਟਨਾ ਲਾਰੈਂਸ ਐਵਨਿਊ ਈਸਟ ਤੇ ਕੈਨੇਡੀ ਰੋਡ ਨੇੜੇ ਵਾਪਰੀ। ਟੀਟੀਸੀ ਦੇ ਕਰਮਚਾਰੀ ਵੱਲੋਂ ਦੁਪਹਿਰੇ 2:40 ਉੱਤੇ ਟੋਰਾਂਟੋ ਪੁਲਿਸ ਨੂੰ ਇਸ ਸਬੰਧ ਵਿੱਚ ਜਾਣਕਾਰੀ ਦਿੱਤੀ ਗਈ। ਇਸ ਘਟਨਾ ਦਾ ਸ਼ਿਕਾਰ ਵਿਅਕਤੀ ਨੂੰ ਢਿੱਡ ਵਿੱਚ ਛੁਰਾ ਮਾਰਿਆ ਗਿਆ।

ਪੈਰਾਮੈਡਿਕਸ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲੈ ਕੇ ਗਏ। ਅਜੇ ਤੱਕ ਜ਼ਖ਼ਮੀ ਵਿਅਕਤੀ ਦੀ ਹਾਲਤ ਦੇ ਸਬੰਧ ਵਿੱਚ ਹੋਰ ਜਾਣਕਾਰੀ ਹਾਸਲ ਨਹੀਂ ਹੋਈ ਹੈ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਸੰਭਾਵੀ ਤੌਰ ਉੱਤੇ 15 ਸਾਲਾਂ ਦਾ ਸਿਆਹ ਨਸਲ ਦਾ ਵਿਅਕਤੀ ਹੈ, ਜਿਸ ਦਾ ਕੱਦ ਪੰਜ ਫੁੱਟ ਦਸ ਇੰਚ ਤੇ ਕੱਦਕਾਠੀ ਦਰਮਿਆਨੀ ਹੈ। ਉਸ ਨੇ ਵਾਲਾਂ ਦੀਆਂ ਗੁੱਤਾਂ ਵੀ ਗੁੰਦੀਆਂ ਹੋਈਆਂ ਸਨ। ਘਟਨਾ ਨੂੰ ਅੰਜਾਮ ਦੇਣ ਮੌਕੇ ਉਸ ਨੇ ਕੈਮੋਫਲਾਜ ਪ੍ਰਿੰਟ ਵਾਲੀ ਜੈਕੇਟ ਪਾਈ ਹੋਈ ਸੀ। ਅਜੇ ਤੱਕ ਇਹ ਵੀ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਛੁਰੇਬਾਜ਼ੀ ਦੀ ਇਹ ਘਟਨਾ ਟੀਟੀਸੀ ਤੇ ਗੱਡੀ ਜਾਂ ਬੱਸ ਵਿੱਚ ਹੋਈ।








NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

FREE ASSIGNMENT

PERMISSION TO LEASE DURING OCCUPANCY

CAPPED DEVELOPMENT CHARGERS

QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21. President Realty Inc Brokerage* Independently Owned and Operated.

Grewalhomes.com

Jagdish Grewal
Sales Representative

416 877-6464
or E-mail Jagdish@grewalhomes.com




FRESH & LARGE VARIETY

Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

